ISSN 0972-2335

# ਅੰਮ੍ਰਿਤ ਕੀਰਤਨ



ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਪਾਸੋ 'ਸੰਗੀਤ ਨਾਟਕ ਅਕਾਡਮੀ ਅਵਾਰਡ'
ਪ੍ਰਾਪਤ ਕਰਦੇ ਹੋਏ ਪ੍ਰੋ.(ਡਾ.) ਹਰਵਿੰਦਰ ਸਿੰਘ

ਸੰਪਾਦਕ
ਡਾ. ਜਾਗੀਰ ਸਿੰਘ

ਅਪ੍ਰੈਲ 2024

ਮੁੱਲ 15/-



## ਜੋ ਆਇਆ ਸੋ ਚਲਸੀ

ਮੌਤੇ ਪਾਸੋਂ ਮੂਲ ਨ ਡਰੀਏ ,
ਇਹ ਤਾਂ ਲੇਖਾ ਪਵੇ ਚੁਕਾਣਾ ।

ਵਿਚ ਸੰਸਾਰ ਬਿਤਾਵੇ ਜੀਵਨ,
ਜੋ ਆਇਆ ਤਿਸ ਹੀ ਹੈ ਜਾਣਾ ।

ਕਾਹਨੂੰ ਫਿਕਰਾਂ ਦੇ ਵਿਚ ਡੁੱਬੀਏ,
ਇਹ ਕੋਈ ਗੱਲ ਨਿਰਾਲੀ ਨਾਹੀਂ ।

ਸੰਤੋਖ ਬਣੂੰਗਾ ਜਾਣਾ ਇਕ ਦਿਨ,
ਸਿਰ ਦੇ ਉੱਪਰ ਪਰ ਬੈਠਾ ਠਾਣਾ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ;eNo 15-J, uvhrV 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਜੋ ਆਇਆ ਸੋ ਚਲਸੀ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਡਾ.ਹਰਵਿੰਦਰ ਸਿੰਘ ਨੂੰ 'ਸੰਗੀਤ ਨਾਟਕ ਅਕਾਡਮੀ ਅਵਾਰਡ' 2

ਸਿੱਖ ਹੈਰੀਟੇਜ ਸਿਫ਼ਨੀ ਦਾ ਕਮਾਲ
ਡਾ. ਗੁਰਨਾਮ ਸਿੰਘ 4

ਕੀਰਤਨੀਆਂ ਦੀ ਰਾਗਾਤਮਕ ਸਿਖਲਾਈ ਦਾ ਇਤਿਹਾਸਿਕ ਆਗਾਜ਼
ਡਾ. ਗਗਨਦੀਪ ਸਿੰਘ 6

ਸਾਦਗੀ, ਸਿਮਰਨ ਤੇ ਗੁਰਮਤਿ ਸੰਗੀਤ ਦੀ ਜਗਦੀ ਜੋਤ 'ਨਾਮਧਾਰੀ ਮੁਖੀ, ਸਤਿਗੁਰੂ ਜਗਜੀਤ ਸਿੰਘ ਜੀ
ਹਰਭਜਨ ਸਿੰਘ ਰਤਨ 10

'ਅੰਮ੍ਰਿਤ ਕੀਰਤਨ' ਦਾ ਪ੍ਰਕਾਸ਼ ਮਾਣਦਿਆਂ
ਮਨਮੋਹਨ ਸਿੰਘ ਦਾਊਂ 17


ਰਾਗ ਸ਼ੁਕਲ ਬਿਲਾਵਲ (ਸੁਰਲਿਪੀ)
ਗੁਰਬਖ਼ਸ਼ ਸਿੰਘ 19

ਕਵਿਤਾ 'ਪੁਰਖਾ'
ਮਨਮੋਹਨ ਸਿੰਘ ਦਾਊਂ ਟਾ-3


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਡਾ. ਹਰਵਿੰਦਰ ਸਿੰਘ ਨੂੰ 'ਸੰਗੀਤ ਨਾਟਕ ਅਕਾਡਮੀ ਅਵਾਰਡ'




ਇਸ ਸਾਲ ਮੇਰੇ ਪਿਆਰੇ ਡਾ. ਹਰਵਿੰਦਰ ਸਿੰਘ ਜੀ ਨੂੰ 'ਸੰਗੀਤ ਨਾਟਕ ਅਕਾਡਮੀ ਅਵਾਰਡ' ਪ੍ਰਾਪਤ ਹੋਇਆ ਹੈ। ਇਹ ਸਾਡੇ ਲਈ ਬੜੇ ਮਾਣ ਦੀ ਗੱਲ ਹੈ। ਮੈਂ ਡਾ. ਹਰਵਿੰਦਰ ਸਿੰਘ ਨਾਲ 1989 ਤੋਂ ਜੁੜਿਆ ਹੋਇਆ ਹਾਂ। ਆਪ ਜੀ ਦਾ ਪਰਿਵਾਰ ਕੀਰਤਨਕਾਰਾਂ ਦਾ ਪਰਿਵਾਰ ਹੈ। ਇਹਨਾਂ ਦੇ ਪਿਤਾ ਜੀ ਭਾਈ ਸੰਤਾ ਸਿੰਘ ਜਮਨਾ ਨਗਰ ਵਾਲੇ ਗੁਣੀ ਕੀਰਤਨੀਏ ਸਨ ਅਸੀਂ ਉਹਨਾਂ ਦੀ ਜੀਵਨੀ 'ਅੰਮ੍ਰਿਤ ਕੀਰਤਨ' ਦੇ ਪਹਿਲੇ ਅੰਕ ਵਿਚ ਪ੍ਰਕਾਸ਼ਿਤ ਕੀਤੀ ਸੀ। ਇਹਨਾਂ ਦੇ ਭਰਾ ਵੀ ਗੁਰਮਤਿ ਸੰਗੀਤ ਨਾਲ ਜੁੜੇ ਹੋਏ ਹਨ।

ਡਾ. ਹਰਵਿੰਦਰ ਸਿੰਘ ਜੀ ਨੇ ਆਪਣੀ ਸ਼ਾਸਤਰੀ ਸੰਗੀਤ ਦੀ ਤਾਲੀਮ ਆਗਰਾ ਘਰਾਣੇ ਦੇ ਪ੍ਰਸਿੱਧ ਗਾਇਕ ਪੰਡਤ ਯਸ਼ਪਾਲ ਜੀ ਤੋਂ ਪ੍ਰਾਪਤ ਕੀਤੀ ਸੀ। ਇਸ ਤਰਾਂ ਉਹ ਮੇਰੇ ਗੁਰ ਭਾਈ ਵੀ ਹਨ। ਸਰਕਾਰੀ ਸੇਵਾਵਾਂ ਤੋਂ ਰਿਟਾਇਰ ਹੋ ਕੇ ਉਹ ਆਪਣੀਆਂ ਸੰਗੀਤਕ ਪੇਸ਼ਕਾਰੀਆਂ ਨਾਲ ਸੰਗੀਤ ਦੀ ਸੇਵਾ ਕਰ ਰਹੇ ਹਨ। ਸਾਨੂੰ ਇਹਨਾਂ ਤੇ ਮਾਣ ਹੈ। 'ਸੰਗੀਤ ਨਾਟਕ ਅਕਾਡਮੀ ' ਵੱਲੋਂ ਉਹਨਾਂ ਨੂੰ ਜੋ ਮਾਣ ਪੱਤਰ ਪ੍ਰਾਪਤ ਹੋਇਆ ਉਹ ਅਗਲੇ ਪੰਨੇ ਤੇ ਦਿੱਤਾ ਜਾ ਰਿਹਾ ਹੈ। ਅਸੀ 'ਅੰਮ੍ਰਿਤ ਕੀਰਤਨ' ਪਰਿਵਾਰ ਵੱਲੋਂ ਉਹਨਾਂ ਨੂੰ ਵਧਾਈ ਦਿੰਦੇ ਹਾਂ...................

**ਭੁੱਲ ਚੁੱਕ ਖਿਮਾ**

**Prof. (Dr.) Harvinder Singh**
**Professor & Vocalist**

**Member R.A.C.**
**Indian Council for Cultural Relations**
**Ministry of External Affairs**
**Government of India**

# (A Profile)

In an age when maestros of the older generation express fear of the decadence of our grand tradition, Prof. Singh's music stands like the Colossus, as it were an eternal reminder of the strength of this great art.

Born on 15th August 1964, Prof. Harvinder Singh was initiated into music by his father, Freedom fighter Late Bhai Santa Singh, a noted Gurbani Kirtankar and an Ex-serviceman. Being a disciple of the 'Khalifa' of Agra Gharana Ustad Yunus Hussain Khan & Pandit Yashpaul, Prof. Singh imbibed the unique traits of 'Agra gayakee' & inherited a vast repertoire of Uncommon Ragas and Rare compositions. From time to time, he was fortunate to have learnt the nuances of 'Khayal Gayakee' from Pt. Laxman Krishanrao Pandit and Pt. Atam Prakash Sharma of Gwalior Gharana, Ustad Tarlochan Singh (a disciple of Ustad Abdul Waheed Khan) of Kairana Gharana & Vichitra Veena player Pt. Gopal Krishan (a disciple of Sitar Maestro 'Bharat Ratna' Pt. Ravi Shanker) of Maihar Gharana. Thus, Prof. Singh received training of the highest order in distinct prominent Gharanas- Agra, Gwalior & Kairana. With a blessed voice and gifted ability, he uniquely blends the different traditions in his own style with variation.

The ease with which he renders the different forms of vocal performances matched with technical excellence & aesthetic appeal reveals the depth of understanding & skill of this musician, who readily delineates any Raga, whether common or rare and obsolete, in its purest form & character. He sings in the style of his great mentors with his individualistic insight and creative ability essential for an artiste. His style is marked for attaractive Alaap, Behlava, Bol-Alaap, Bol-Baant, Bol-Taans, Variations of Taans, Layakaari and unique renderation of Composition with perfection. Other than Khayal, he is equally proficient in Dhrupad, Dhamaar, Thumri, Tarana, Dadra, Kafi and Bhajan. He has also composed various Khayal Compositions, Geet, Ghazals and Bhajans.

Besides being an acclaimed performer in India and Abroad & an A-grade artist of the All India Radio, he is associated with the Academics for over three decades and is working as Professor at Department of Music, P.G. Government College for Girls, Sector 11 Chandigarh. He is also rendering his services as RAC Member of I.C.C.R. (Ministry of External Affairs, Government of India) and Member of the Faculty of Design & Fine Arts, Panjab University, Chandigarh. He is associated as Member of different Committees and Boards of various universities and educational institutions. He has performed in prestigious music festivals such as Tansen Sangeet Samaroh, Harivallabh Sangeet Sammelan, All India Bhaskar Rao Nritya and Sangeet Sammelan, Indian Classical Music Festival-Canada, etc. He has been conferred with numerous awards such as 'Sangeet Manishi' Samman, 'Kala Shree' Samman, 'Pt. Ghanarang Prakash' Samman, Honour by Legislative Assembly of Alberta, etc. Many of his research papers have been published in different books and journals. He has also trained and nurtured a large number of students in the field of Classical and Light music, some of whom are successfully associated with the Bollywood & Punjabi Music Industry.

**Address: #257, Sector 118, T.D.I. City, S.A.S. Nagar, Punjab-160055**
**Mobile: +91-987-229-7088 Email: profharvindersingh@gmail.com**

# ਸਿੱਖ ਹੈਰੀਟੇਜ ਸਿਫ਼ਨੀ ਦਾ ਕਮਾਲ

**ਡਾ. ਗੁਰਨਾਮ ਸਿੰਘ**

ਸਿੱਖ ਹੈਰੀਟੇਜ ਸਿਫ਼ਨੀ ਦਾ ਕਮਾਲ ਹੈ ਕਿ ਫਰਵਰੀ ਮਹੀਨੇ ਵਿੱਚ ਨਿਊਯਾਰਕ ਵਿਖੇ ਪ੍ਰਸਿਧ ਕਾਰਨੇਗੀ ਹਾੱਲ ਅਤੇ ਮਰਕਿੰਨ ਹਾੱਲ ਵਿੱਚ ਸਿੱਖਾਂ ਦੇ ਤੰਤੀ ਸਾਜ਼ਾਂ ਦਾ ਵਾਦਨ ਕਰਕੇ ਅਮਰੀਕਾ ਦੇ ਸੰਗੀਤਕਾਰਾਂ ਸਾਹਮਣੇ ਨਾਮਣਾ ਖੱਟਿਆ। ਇਹਨਾਂ ਸਾਰਿਆਂ ਦੇ ਉੱਦਮ ਨਾਲ ਗੁਰਮਤਿ ਸੰਗੀਤ ਦਾ ਮਾਣ ਵਧਿਆ ਹੈ। ਵਿਸ਼ਵ ਦੇ ਸੰਗੀਤਕਾਰਾਂ ਨੂੰ ਪਤਾ ਲੱਗਾ ਹੈ ਕਿ ਸਿੱਖ ਜਿਹੜੇ ਰਾਗਾਂ ਤੇ ਜਿਹੜੀਆਂ ਸੁਰੀਲੀਆਂ ਰੂਹਾਨੀ ਧੁਨਾਂ ਉੱਤੇ ਕੀਰਤਨ ਕਰਦੇ ਹਨ ਉਹ ਵਿਸ਼ੇਸ਼ ਹਨ। ਇਹ ਸੰਗੀਤਕਾਰ ਹੈਰਾਨ ਹੋਇਆ ਕਰਦੇ ਸੀ ਕਿ ਸਿੱਖ ਆਪਣੇ ਗੁਰੂ ਘਰਾਂ ਤੇ ਘਰਾਂ ਵਿੱਚ ਹਰ ਸਮੇਂ, ਹਰ ਪਲ, ਹਰ ਅਵਸਰ ਉੱਤੇ ਕੀ ਗਾਉਂਦੇ ਹਨ? ਕਿਉਂ ਸਿੱਖ ਸੰਗੀਤ ਦੇ ਐਡੇ ਵੱਡੇ ਪ੍ਰਚਾਰਕ ਹਨ। ਉਮੀਦ ਹੈ ਉਹ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਨੂੰ ਜ਼ਰੂਰ ਸਿੱਖਣ, ਸਿਖਾਉਣ ਤੇ ਵਜਾਉਣਗੇ। ਸੰਗੀਤਕਾਰ ਲੀਨਾ ਸਿੰਘ, ਇਹ ਸਾਰੇ ਸਿਖਿਆਰਥੀ ਅੰਤ ਇਹਨਾਂ ਦੇ ਮਾਪੇ ਵਧਾਈ ਦੇ ਪਾਤਰ ਹਨ।

ਮਾਣ ਵਾਲੀ ਗੱਲ ਹੈ ਕਿ ਪਿਛਲੇ 13 ਸਾਲਾਂ ਤੋਂ ਗੁਰਬਾਣੀ ਕੀਰਤਨ ਤੇ ਸੰਗੀਤ ਦੇ ਖੇਤਰ ਵਿੱਚ ਕਾਰਜਸ਼ੀਲ ਲੀਨਾ ਸਿੰਘ ਨੇ 2017 ਵਿੱਚ ਸਿੱਖ ਹੈਰੀਟੇਜ ਸਿਫ਼ਨੀ (Sikh Heritgae Symphony) ਦੀ ਸਥਾਪਨਾ ਕੀਤੀ ਅਤੇ ਇਸ ਵਿੱਚ ਕਈ ਸਿੱਖ ਪਰਿਵਾਰਾਂ ਨੇ ਆਪਣੇ ਹੋਣਹਾਰ ਬੱਚਿਆਂ ਨੂੰ ਤੰਤੀ ਸਾਜ਼ ਸਿਖਾਉਣ ਲਈ ਰਜਿਸਟਰਡ ਕਰਵਾਇਆ। ਗੁਰੂ ਘਰਾਂ ਨੇ ਇਸ ਪ੍ਰੋਗਰਾਮ ਨੂੰ ਬਹੁਤ ਸਲਾਹਿਆ ਤੇ ਸਹਿਯੋਗ ਦਿੱਤਾ ਜਿੰਨਾਂ ਵਿਚੋਂ ਸੈਨ ਹੋਜ਼ੇ ਗੁਰਦੁਆਰਾ, ਸਿਲੀਕੋਨ ਵੈਲੇ ਗੁਰਦੁਆਰਾ ਗੁਰੂ ਘਰ ਵਿਸ਼ੇਸ਼ ਹਨ। ਗੁਰਦੁਆਰਾ ਸਾਹਿਬ ਸੈਨਹੋਜੇ ਨੇ ਤਾਂ ਵਿਸ਼ੇਸ਼ ਸਿਖਲਾਈ ਸਟੂਡੀਓ ਵੀ ਸਥਾਪਿਤ ਕੀਤਾ। ਇੱਥੇ ਇਹ ਵਰਣਨ ਯੋਗ ਹੈ ਕਿ ਸਿੱਖ ਹੈਰੀਟੇਜ ਸਿਫ਼ਨੀ ਵਿੱਚ ਸਿੱਖ ਗੁਰੂਆਂ ਦੁਆਰਾ ਆਪਣੇ ਸਿੱਖਾਂ ਨੂੰ ਕੀਰਤਨ ਕਰਨ ਲਈ ਪ੍ਰਚਾਰੇ ਗਏ ਸਾਜ਼ ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਸਰੰਗੀ, ਸਿਤਾਰ ਆਦਿ ਦੀ ਤਾਲੀਮ ਦਿੱਤੀ ਜਾਂਦੀ ਹੈ ਅਤੇ ਵਿਦਿਆਰਥੀ ਦੁਨੀਆ ਦੇ ਵੱਖ-ਵੱਖ ਸੰਗੀਤ ਸੈਟਰਾਂ, ਰਾਗ ਦਰਬਾਰਾਂ ਤੇ ਗੁਰੂ ਘਰਾਂ ਵਿੱਚ ਜਾ ਕੇ ਵਾਦਨ ਕਰਦੇ ਹਨ।

ਸਿੱਖ ਹੈਰੀਟੇਜ ਸਿਫ਼ਨੀ ਵਲੋਂ ਕੈਲੀਫੋਰੀਨੀਆਂ ਦੇ ਵੱਖ-ਵੱਖ ਅਮਰੀਕੀ ਮਿਊਜ਼ਿਕ ਸਕੂਲਾਂ ਵਿੱਚ ਵੀ ਲੀਨਾ ਸਿੰਘ (ਫੋਟੋ -1 -Leena1 ) ਵਲੋਂ ਵਿਦਿਆਰਥੀਆਂ ਨੂੰ ਇਨ੍ਹਾਂ ਸਾਜ਼ਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਇਹ ਅੰਤਰਰਾਸ਼ਟਰੀ ਸੰਗੀਤ ਪ੍ਰਤੀਯੋਗਤਾਵਾਂ ਵਿੱਚ ਹਿੱਸਾ ਲੈਂਦੇ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਕਾਰਨੇਗੀ ਹਾੱਲ, ਮਰਕਿੰਨ ਹਾੱਲ, ਟਾਈਮ ਸੁਕੇਅਰ ਵਰਗੀਆਂ ਅੰਤਰਰਾਸ਼ਟਰੀ ਸਟੇਜਾਂ ਤੇ ਸਾਜ਼ ਵਾਦਨ ਕਰਨ ਦਾ ਕਈ ਵਾਰ ਮੌਕਾ ਵੀ ਮਿਲ ਚੁੱਕਾ ਹੈ। ਉਪਰਾਲਾ ਇਹੋ ਹੈ ਕਿ ਇਹ ਸਾਜ਼ ਪਰਚੱਲਿਤ ਰਹਿਣ ਤੇ ਸਾਡੇ ਆਉਣ ਵਾਲੀ ਬੱਚਿਆਂ ਦੀ ਪੀੜੀ ਸਿੱਖ ਸਕੇ।

ਲੀਨਾ ਸਿੰਘ ਨੇ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਮੁੱਖ ਰਾਗਾਂ ਉਤੇ ਅਧਾਰਿਤ ਇੱਕ "ਗੁਰਮਤਿ ਰਾਗਾਂਜਲੀ"ਵੀ ਇਹਨਾਂ ਬੱਚਿਆਂ ਨੂੰ ਤਿਆਰ ਕਰਵਾਈ ਹੈ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਲੀਨਾ ਸਿੰਘ ਨੇ ਅੱਜ ਤੋਂ ਪਹਿਲਾਂ ਪ੍ਰਸਿੱਧ ਗੁਰਮਤਿ ਸੰਗੀਤਾਚਾਰੀਆ ਡਾ। ਗੁਰਨਾਮ ਸਿੰਘ ਦੀ ਅਗਵਾਈ ਵਿੱਚ ਇੱਕ ਪੁਸਤਕੋ ਰਾਗ ਨਾਦ ਜਰਨੀ (ਫੋਟੋ -2 book pic)ਪ੍ਰਕਾਸ਼ਿਤ ਕੀਤੀ ਸੀ ਜਿਸ ਵਿੱਚ ਸ੍ਰੀ ਗ੍ਰੰਥ ਸਾਹਿਬ ਦੇ 31 ਰਾਗਾਂ ਸਬੰਧੀ ਵੈਸਟਰਨ ਸੰਗੀਤ ਲਿੱਪੀ ਅਨੁਸਾਰ ਜਾਣਕਾਰੀ ਦਿੱਤੀ ਗਈ ਸੀ। ਇਸ ਦੇ ਨਾਲ ਹੀ ਗੁਰਮਤਿ ਰਾਗਾਂਜਲੀ ਨਾਮ ਦੀ ਇਕ ਵੱਡੀ ਵਾਦਨ ਸੰਗੀਤ ਰਚਨਾ ਤਿਆਰ ਕੀਤੀ ਗਈ ਸੀ ਜਿਸ ਨੂੰ ਵਿਦਿਆਰਥੀਆਂ, ਸਿਖਿਆਰਥੀਆਂ ਅਤੇ ਦੁਨੀਆ ਦੇ ਸੰਗੀਤ ਵਿਭਾਗਾਂ ਵਿੱਚ ਵਾਦਨ ਕਰਨ ਲਈ ਕੰਪੋਜ ਕੀਤਾ ਗਿਆ ਸੀ। ਇਸ ਪੁਸਤਕ ਰਾਗ ਨਾਦ ਜਰਨੀ ਨੂੰ ਉਸ ਸਮੇਂ ਦੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਰਿਲੀਜ਼ ਕੀਤਾ ਸੀ। ਇਸ ਪੁਸਤਕ ਨੂੰ ਅਮਰੀਕਾ ਤੇ ਭਾਰਤ ਦੇ ਹਰ ਘਰ ਵਿੱਚ ਵਿੱਚ ਵੱਖ ਤਰੀਕਿਆਂ ਨਾਲ ਪਹੁੰਚਾਇਆ ਜਾ ਰਿਹਾ ਹੈ।

ਫਰਵਰੀ ਮਹੀਨੇ ਕਾਰਨੇਗੀ ਹਾਲ ਨਿਊਯਾਰਕ ਵਿੱਚ ਹੋਏ ਇੰਟਰਨੈਸ਼ਨਲ ਵਿਨਰ ਰਿਸਾਈਟਲ (International winner recital) ਵਿੱਚ ਸਿੱਖ ਹੈਰੀਟੇਜ ਸਿਫ਼ਨੀ ਦੇ ਵਿਦਿਆਰਥੀਆਂ ਨੇ ਰਾਗ ਨਾਦ ਜਰਨੀ

ਪੁਸਤਕ ਦੀਆਂ ਰਚਨਾਵਾਂ ਪ੍ਰਸਤੁਤ ਕੀਤੀਆਂ। ਇਹ ਸਮਾਗਮ ਕਾਰਨੇਗੀ ਹਾੱਲ ਅਤੇ ਕਾਫਮੈਨ ਮਿਊਜ਼ਿਕ ਸੈਂਟਰ ਵਿਖੇ ਹੋਇਆ ਜਿਸ ਵਿੱਚ ਸੈਨਹੋਜ਼ੇ ਅਤੇ ਬ੍ਰੇਏਰੀਏ ਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਤੋਂ ਇਲਾਵਾ ਅਮਰੀਕਾ ਦੀਆਂ ਵੱਖ-ਵੱਖਸੰਗੀਤ ਸੰਸਥਾਵਾਂ ਦੇ ਸਿਖਿਆਰਥੀਆਂ ਨੇ ਭਾਗ ਲਿਆ। ਇਥੇ ਵਿਦਿਆਰਥੀਆਂ ਦੀ ਗਿਣਤੀ ਕਾਫੀ ਸੀ। ਇਹਨਾਂ ਵਿੱਚ ਰੂਸ, ਕੈਨੇਡਾ, ਯੂਕਰੇਨ, ਬੇਲਾਰੂਸ, ਪੋਲੈਂਡ, ਚੀਨ, ਸਾਊਥ ਕੋਰੀਆ ਦੇ ਵਿਦਿਆਰਥੀ, ਸੰਗੀਤ ਸਿਖਿਆਰਥੀ ਤੇ ਸ਼ਰੋਤੇ ਸ਼ਾਮਿਲ ਹੋਏ। ਇਹਨਾਂ ਵਿਦਿਆਰਥੀਆਂ ਨੇ ਦੋਦੋ ਵੱਖ ਵੱਖ ਰਚਨਾਵਾਂ ਦਾ ਵਾਦਨ ਕੀਤਾ ਅਤੇ ਜਿਸ ਨੂੰ ਉੱਥੇ ਦੁਨੀਆਂ ਭਰ ਦੇ ਸਰੋਤਿਆਂ ਵੱਲੋਂ ਬਹੁਤ ਸਲਾਹਿਆ ਗਿਆ।

12 ਫਰਵਰੀ ਨੂੰ ਕਾਰਨੇਗੀ ਹਾਲ ਨਿਊਯਾਰਕ ਵਿਖੇ ਸਿੱਖ ਹੈਰੀਟੇਜ ਸਿਫਨੀ ਦੀ ਪਹਿਲੇ ਗਰੁੱਪ (Photo-3 Group-1) ਨੇ ਭਾਗ ਲਿਆ ਜਿਨ੍ਹਾਂ ਨੇ ਰਾਗ ਭੈਰਉ ਵਿੱਚ ਉਸਤਾਦ ਹਮਾਊਂ ਸਖੀ ਦੀ ਬਣਾਈ ਸ਼ਬਦ ਧੁਨ ਦਾ ਵਾਦਨ ਕੀਤਾ। ਇਹਨਾਂ ਵਿਦਿਆਰਥੀਆਂ ਵਿੱਚ ਕਿਰਪਾ ਸਿੰਘ ਨੇ ਸਿਤਾਰ, ਅੰਮ੍ਰਿਤ ਕੌਰ ਨੇ ਤਾਊਸ, ਜਸਕਰਨ ਸਿੰਘ ਆਹਲੂਵਾਲੀਆ ਨੇ ਰਬਾਬ ਅਤੇ ਅੰਮ੍ਰਿਤ ਸਿੰਘ ਨੇ ਤਬਲਾ ਸਾਜ਼ਾਂ ਦਾ ਵਾਦਨ ਕੀਤਾ। ਸਿੱਖ ਹੈਰੀਟੇਜ ਸਿਫਨੀ ਦੇ ਦੂਸਰੇ ਗਰੁੱਪ (Photo-4 Group-2) ਨੇ ਡਾ। ਗੁਰਨਾਮ ਸਿੰਘ ਦੀ ਰਚੀਂ ਗੁਰਮਤਿ ਰਾਗਾਂਜਲੀਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿੱਚੋਂ ਰਾਮਕਲੀ, ਨਟ ਨਾਰਾਇਣ, ਮਾਲੀਗਉੜਾ, ਤੁਖਾਰੀ ਰਾਗਾਂ ਦੀ ਧੁਨ ਦਾ ਵਾਦਨ ਕੀਤਾ । ਇਸ ਗਰੁੱਪ ਵਿੱਚ ਜਸਰੀਤ ਕੌਰ ਕੇਥ ਨੇ ਸਾਰੰਦਾ, ਅਰਜੋਤ ਕੌਰ ਨੇ ਦਿਲਰੁੱਬਾ, ਸੀਰਤ ਕੌਰ ਕੰਬੋ ਨੇ ਤਾਊਸ, ਅਪਾਰਦੀਪ ਸਿੰਘ ਨੇ ਰਬਾਬ ਅਤੇ ਅੰਮ੍ਰਿਤ ਸਿੰਘ ਨੇ ਤਬਲਾ ਸਾਜ਼ਾਂ ਦਾ ਵਾਦਨ ਕੀਤਾ।

17 ਫਰਵਰੀ ਨੂੰ ਕਾੱਫ਼ਮੈਨ ਮਰਕਿਨਸ ਹਾੱਲ ਵਿੱਚ ਸਿੱਖ ਹੈਰੀਟੇਜ ਸਿਫਨੀ ਦੀ ਪਹਿਲੇ ਗਰੁੱਪ (Photo-5 Group-1) ਨੇ ਗੁਰਮਤਿ ਰਾਗਾਂਜਲੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿਚੋਂ ਰਾਗ ਕੇਦਾਰਾ, ਭੈਰਉ, ਬਸੰਤ, ਸਾਰੰਗ ਵਿੱਚ ਰਾਗਾਂ ਦੀ ਧੁਨ ਦਾ ਵਾਦਨ ਕੀਤਾ। ਇਸ ਗਰੁੱਪ ਦੇ ਵਿਚੋਂ ਸੀਰਤ ਡਾਂਗ ਤਾਉਸ, ਤਰਨਜੋਤ ਕੌਰ ਗਿੱਲ ਨੇ ਰਬਾਬ, ਆਰਨੀ ਮੰਗਲਾਨੀ ਨੇ ਸਰੰਦਾ, ਅਰਸ਼ਪ੍ਰੀਤ ਕੌਰ ਰੂਪਰਾ ਨੇ ਦਿਲਰੁੱਬਾ ਅਤੇ ਅੰਮ੍ਰਿਤ ਸਿੰਘ ਨੇ ਤਬਲਾ ਸਾਜ਼ਾਂ ਦਾ ਵਾਦਨ ਕੀਤਾ।

ਕਾੱਫ਼ਮੈਨ ਮਰਕਿਨਸ ਹਾੱਲ ਵਿੱਚ ਸਿੱਖ ਹੈਰੀਟੇਜ ਸਿਫਨੀ ਦੀ ਦੂਜੇ ਗਰੁੱਪ (Photo-6 Group-2) ਨੇ ਗੁਰਮਤਿ ਰਾਗਾਂਜਲੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿਚੋਂ ਰਾਗ ਤਿਲੰਗ, ਸੂਹੀ, ਬਿਲਾਵਲ, ਗੋਂਡ ਰਾਗਾਂ ਦੀ ਧੁਨ ਵਿੱਚ ਵਾਦਨ ਕੀਤਾ। ਇਸ ਗਰੱਪ ਦੇ ਵਿਚੋਂ ਅੰਸ਼ਪ੍ਰੀਤ ਕੌਰ ਰੂਪਰਾ, ਰਾਇਸਾ ਕੌਰ, ਜਪਲੀਨ ਕੌਰ ਸੈਣੀ ਤੇ ਮੰਨਤ ਡਾਂਗ ਰਬਾਬ, ਸੁਹਾਵੀ ਕੌਰ ਨੇ ਸਿਤਾਰ ਅਤੇ ਅੰਮ੍ਰਿਤ ਸਿੰਘ ਨੇ ਤਬਲਾ ਸਾਜ਼ ਦਾ ਵਾਦਨ ਕੀਤਾ। ਇਸ ਕਾਰਜ ਨੂੰ ਕਰਨ ਪਿੱਛੇ ਜਿੱਥੇ ਲੀਨਾ ਸਿੰਘ ਨੇ ਨਿਰੰਤਰ ਪਿਛਲੀ ਵਾਰੀ ਦੀ ਤਰ੍ਹਾਂ ਮਿਹਨਤ ਕੀਤੀ ਉਥੇ ਨਾਲ ਹੀ ਇਹਨਾਂ ਬੱਚਿਆਂ ਦੇ ਮਾਪਿਆਂ ਅਤੇ ਗੁਰੂ ਘਰਾਂ ਨੇ ਵੀ ਪੂਰੀ ਸਪੋਰਟ ਕੀਤੀ। ਇਸ ਦੇ ਨਾਲ ਸਿੱਖ ਹੈਰੀਟੇਜ਼ ਸਿਫ਼ਨੀ ਦੀ ਸਥਾਪਨਾ ਅਤੇ ਕਾਰਜਾਂ ਲਈ ਗੁਰੂ ਨਾਨਕ ਖ਼ਾਲਸਾ ਸਕੂਲ, ਗੁਰਦੁਆਰਾ ਸੈਨਹੋਜ਼ੇ ਦੇ ਪੈ੍ਜ਼ੀਡੈਂਟ ਡਾ਼ ਗੁਰਿੰਦਰਪਾਲ ਸਿੰਘ ਜੀ ਵਲੋਂ ਉਤਸ਼ਾਹ ਮਿਲਦਾ ਰਿਹਾ। ਇਸ ਯਤਨ ਨਾਲ ਗੁਰੂ ਘਰ ਦੇ ਤੰਤੀ ਸਾਜ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਧੁਨਾਂ ਵਿਸ਼ਵ ਦੇ ਸੰਗੀਤ ਵਿੱਚ ਵੱਜਣੀਆਂ ਸ਼ੁਰੂ ਹੋ ਗਈਆਂ ਹਨ। ਇੱਥੇ ਸਾਨੂੰ ਇਹ ਦਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਇਹ ਰਾਗ ਕਿਉਂ ਜੋ ਅਮਰੀਕਾ ਦੇ ਸੰਗੀਤ ਨਾਲੋਂ ਭਿੰਨ ਹਨ ਅਤੇ ਇਲਾਹੀ ਤੇ ਰੂਹਾਨੀ ਹਨ ਇਸ ਲਈ ਇਹ ਬੜੀ ਜਲਦੀ ਖਿੱਚ ਦਾ ਕਾਰਨ ਬਣ ਜਾਂਦੇ ਹਨ। ਸਾਡੇ ਬੱਚੇ ਵੀ ਇਹਨਾਂ ਸਾਜ਼ਾਂ ਨੂੰ ਵਜਾਉਣ ਦੇ ਵਿੱਚ ਬਹੁਤ ਜਿਆਦਾ ਮਿਹਨਤ ਕਰ ਰਹੇ ਹਨ

ਉਮੀਦ ਹੈ ਲੀਨਾ ਸਿੰਘ ਇਹ ਨਵੀਂ ਪੀੜੀ ਦੇ ਸਾਡੇ ਸੰਗੀਤਕਾਰ, ਸਿੱਖਿਆਰਥੀ ਅਤੇ ਇਹਨਾਂ ਦੇ ਮਾਪੇ ਇਸੇ ਤਰ੍ਹਾਂ ਹੀ ਗੁਰੂ ਘਰ ਦੇ ਤੰਤੀ ਸਾਜ਼ਾਂ ਦੇ ਵਾਦਨ ਤੇ ਪ੍ਰਚਾਰ ਲਈ ਯਤਨਸ਼ੀਲ ਰਹਿਣਗੇ। ਅਸੀਂ ਇਹਨਾਂ ਸਾਰਿਆਂ ਨੂੰ ਬਹੁਤ ਬਹੁਤ ਮੁਬਾਰਕ ਦਿੰਦੇ ਹਾਂ ਅਤੇ ਨਾਲ ਹੀ ਇਹਨਾਂ ਨੂੰ ਸਹਿਯੋਗ ਦੇਣ ਵਾਲੀਆਂ ਸੰਸਥਾਵਾਂ, ਸ਼ਖਸ਼ੀਅਤਾਂ ਅਤੇ ਗੁਰੂ ਘਰਾਂ ਦੇ ਬਹੁਤ ਬਹੁਤ ਧੰਨਵਾਦੀ ਹਾਂ। ਉਮੀਦ ਹੈ ਸਾਰੇ ਨੌਰਥ ਅਮਰੀਕਾ ਵਿੱਚ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਇਸੇ ਤਰ੍ਹਾਂ ਚਲਦਾ ਰਹੇਗਾ ਅਤੇ ਸੰਗਤਾਂ ਇਹਨਾਂ ਨੂੰ ਵਿਸ਼ੇਸ਼ ਤੌਰ ਤੇ ਆਪਣੀ ਸਰਪ੍ਰਸਤੀ ਅਤੇ ਪਿਆਰ ਪ੍ਰਦਾਨ ਕਰਨਗੀਆਂ।


**ਬਾਨੀ ਪ੍ਰੋਫੈਸਰ ਤੇ ਮੁਖੀ**
**ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਕੀਰਤਨੀਆਂ ਦੀ ਰਾਗਾਤਮਕ ਸਿਖਲਾਈ ਦਾ ਇਤਿਹਾਸਿਕ ਆਗਾਜ਼

**ਡਾ. ਗਗਨਦੀਪ ਸਿੰਘ**
**ਯੂ.ਐਸ.ਏ.**

ਕੀਰਤਨੀਆਂ ਦੀ ਸ਼੍ਰੇਣੀ ਵਿੱਚ ਬਹੁਤਾਤ ਕੀਰਤਨੀਏ ਇਹ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਸੰਗਤ ਰਾਗਾਤਮਕ ਕੀਰਤਨ ਪਸੰਦ ਨਹੀਂ ਕਰਦੀ ਪ੍ਰੰਤੂ ਅੱਜ ਲਗਭਗ ਮੈਨੂੰ 20 ਸਾਲ ਕੀਰਤਨ ਕਰਦਿਆਂ ਨੂੰ ਹੋ ਗਏ ਹਨ ਮੈਂ ਅੱਜ ਤਕ ਸੰਗਤ ਵਿਚੋਂ ਕਿਸੇ ਨੂੰ ਇਹ ਕਹਿੰਦੇ ਨਹੀਂ ਸੁਣਿਆ ਕਿ ਭਾਈ ਸਾਹਿਬ ਸਾਨੂੰ ਇਸ ਗੀਤ ਦੀ ਧੁਨ ਤੇ ਸ਼ਬਦ ਲਗਾ ਕੇ ਸੁਣਾਓ। ਅਸੀਂ ਤਾਂ ਆਪ ਹੀ ਸੰਗਤ ਨੂੰ ਸਾਧਾਰਨ ਧੁਨਾਂ ਵਾਲਾ ਕੀਰਤਨ ਜਾਂ ਫਿਲਮੀ ਧੁਨਾਂ ਤੇ ਕੀਰਤਨ ਸੁਣਨ ਲਾ ਦਿੱਤਾ ਹੈ।

ਅਸੀਂ ਆਪ ਖ਼ੁਦ ਰਾਗ ਗਾਉਂਣਾ ਜਾਂ ਸਿੱਖਣਾ ਨਹੀਂ ਚਾਹੁੰਦੇ ਗੱਲ ਸੰਗਤ ਦੇ ਹਵਾਲੇ ਕਰ ਜਾਂਦੇ ਹਾਂ। ਇਥੇ ਇਹ ਵੀ ਵਰਨਣਯੋਗ ਹੈ ਕਿ ਰਾਗ ਸਿੱਖਣਾ ਜਾ ਰਾਗਾਂ ਵਿੱਚ ਕੀਰਤਨ ਕਰਨਾ ਇਸ ਲਈ ਜ਼ਰੂਰੀ ਨਹੀਂ ਕਿ ਅਸੀਂ ਸ਼ਾਸਤਰੀ ਸੰਗੀਤ ਜਾਂ ਆਪਣੀ ਕਲਾ ਦਾ ਮੁਜ਼ਾਹਰਾ ਕਰਨਾ ਹੈ ਬਲਕਿ ਇਸ ਕਰਕੇ ਸਿੱਖਣਾ ਜ਼ਰੂਰੀ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਗਾਂ ਵਿੱਚ ਹੈ ਅਤੇ ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਹੈ ਕਿ "ਕੀਰਤਨ ਗੁਰਬਾਣੀ ਨੂੰ ਰਾਗਾਂ ਵਿੱਚ ਉਚਾਰਨ ਕਰਨ ਨੂੰ ਕਹਿੰਦੇ ਹਨ।" ਗੁਰੂ ਸਾਹਿਬ ਨੇ ਜਿਨ੍ਹਾਂ ਰਾਗਾਂ ਬਾਰੇ ਫੁਰਮਾਇਆ ਹੈ :

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 1423)
ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 958)

ਅਸੀਂ ਉਨ੍ਹਾਂ ਬਹੁਮੁੱਲੇ, ਸੁਰੰਗੜੇ ਰਾਗਾਂ ਨੂੰ ਵਿਸਾਰ ਕੇ, ਤਿਆਗ ਕੇ ਗੁਰੂ ਦੇ ਹੁਕਮ ਦੀ ਨਾ-ਫੁਰਮਾਨੀ ਕਰੀ ਜਾ ਰਹੇ ਹਾਂ। ਅਸੀਂ ਕੀਰਤਨੀਆਂ ਨੇ ਰਾਗ ਨਿਰਧਾਰਿਤ ਕੀਰਤਨ ਤੇ ਪਹਿਰਾ ਤਾਂ ਕੀ ਦੇਣਾ ਸੀ ਪ੍ਰੰਤੂ ਅਸੀਂ ਤਾਂ ਗੁਰੂ ਸਾਹਿਬ ਦੇ ਬਖਸ਼ਿਸ਼ ਕੀਤੇ ਰਾਗਾਂ ਤੋਂ ਹੀ ਦੂਰ ਹੋ ਗਏ ਹਾਂ। ਅਸੀਂ ਜਿਥੇ ਆਪ ਰਾਗਾਂ ਤੋਂ ਦੂਰ ਹੋ ਗਏ ਹਾਂ ਉਥੇ ਸਧਾਰਨ ਅਤੇ ਫਿਲਮੀਂ ਧੁਨਾਂ ਤੇ ਕੀਰਤਨ ਕਰਨ ਦੇ ਕੁਰਾਹੇ ਵੀ ਤੁਰ ਪਏ ਹਾਂ। ਰਾਗ ਨੂੰ ਹਰ ਸ਼ਬਦ ਤੋਂ ਪਹਿਲਾਂ ਦਰਜ਼ ਕਰ ਕੇ ਗੁਰੂ ਸਾਹਿਬਾਨ ਨੇ ਤਾਂ ਸਾਨੂੰ ਉਸ ਸਬੰਧਤ ਰਾਗ ਵਿੱਚ ਕੀਰਤਨ ਕਰਨ ਦੀ ਸਪਸ਼ਟ ਤਾਕੀਦ ਕੀਤੀ ਹੈ ਪਰ ਅਸੀਂ ਹਰ ਰੋਜ਼ ਅਗਿਆਨਤਾ ਵਸ ਬਾਣੀ ਦੀ ਘੋਰ ਅਵੱਗਿਆ ਕਰੀ ਜਾ ਰਹੇ ਹਾਂ। ਸਧਾਰਨ ਕੀਰਤਨ ਦਾ ਪ੍ਰਚਲਨ ਐਨਾ ਵੱਧ ਚੁੱਕਾ ਹੈ ਕਿ ਬਹੁਤੇ ਕੀਰਤਨੀ ਜਥੇ ਰਾਗਬੱਧ ਕੀਰਤਨ ਸਿੱਖਣ ਤੇ ਕਰਨ ਦੀ ਬਜਾਏ, ਰਾਗਾਤਮਕ ਕੀਰਤਨ ਕਰਨ ਵਾਲਿਆਂ ਤੇ ਗੁਰਮਤਿ ਸੰਗੀਤ ਦੀ ਗੱਲ ਕਰਨ ਵਾਲਿਆਂ ਦੇ ਲਈ ਨਕਰਾਤਮਕ ਬੋਲਣਾ ਸ਼ੁਰੂ ਕਰ ਦਿੰਦੇ ਹਨ। ਇਸ ਦੇ ਸਿੱਟੇ ਵਜੋਂ ਸਾਡੀ ਮਹਾਨ ਕੀਰਤਨ ਦੀ ਵਿਰਾਸਤ ਦਾ ਮਿਆਰ ਦਿਨ-ਬ-ਦਿਨ ਘੱਟਦਾ ਜਾ ਰਿਹਾ ਹੈ।

ਰਾਗਬੱਧ ਕੀਰਤਨ ਗੁਰਮਤਿ ਸੰਗੀਤ ਦਾ ਕੀਰਤਨ ਹੈ। ਅਮਰੀਕਾ ਦੇ ਸੰਦਰਭ ਵਿੱਚ ਦੇਖੀਏ ਤਾਂ ਅਮਰੀਕਾ ਦੇ ਵੱਖ ਵੱਖ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਜਿਵੇਂ ਗੁਰਦੁਆਰਾ ਸਾਹਿਬ ਸਾਊਥ ਵੈਸਟ ਹਿਊਸਟਨ, ਗੁਰਦੁਆਰਾ ਸਾਹਿਬ ਸੈਨ ਹੋਜ਼ੇ ਕੈਲੀਫੋਰਨੀਆ, ਰਾਗ ਰਤਨ ਗੁਰਮਤਿ ਸੰਗੀਤ ਅਕੈਡਮੀ ਨਿਊਜਰਸੀ, ਗੁਰਦੁਆਰਾ ਫਰੀਮਾਂਟ ਕੈਲੀਫੋਰਨੀਆ, ਸਿੱਖ ਸੈਂਟਰ ਰਿਵਰਸਾਈਡ, ਗੁਰਦੁਆਰਾ ਸਿੰਘ ਸਭਾ ਬਿਓਨਾ ਪਾਰਕ, ਕੈਪੀਟਲ ਸਿੱਖ ਸੈਂਟਰ ਸਕਰਾਮੈਂਟੋ, ਵਾਸ਼ਿੰਗਟਨ ਡੀਸੀ ਆਦਿ ਦੇ ਵੱਖ ਵੱਖ ਗੁਰੂ ਘਰ ਗੁਰਮਤਿ ਸੰਗੀਤ ਦੀ ਰਾਗਾਤਮਕ ਪਰੰਪਰਾ ਅਨੁਸਾਰ ਸਮੇਂ ਸਮੇਂ ਤੇ 31 ਰਾਗਾਂ ਦੇ ਰਾਗ ਦਰਬਾਰ, ਮਲਾਰ ਕੀਰਤਨ ਦਰਬਾਰ ਅਤੇ ਬਸੰਤ ਕੀਰਤਨ ਦਰਬਾਰ ਕਰਵਾ ਕੇ ਗੁਰਮਤਿ ਸੰਗੀਤ ਦੀ ਮਹਾਨ ਰਾਗਾਤਮਕ ਵਿਰਾਸਤ ਦੇ ਪ੍ਰਚਾਰ ਅਤੇ ਪਾਸਾਰ ਵਿੱਚ ਸ਼ਲਾਘਾਯੋਗ ਕਾਰਜ ਕਰ ਰਹੇ ਹਨ। ਪਿਛਲੇ ਵਰ੍ਹੇ ਬਾਬਾ ਬਲਜਿੰਦਰ ਸਿੰਘ ਜੀ ਵੱਲੋਂ ਨਿਊਯਾਰਕ ਵਿਖੇ 31 ਰਾਗਾਂ ਤੇ ਅਧਾਰਿਤ ਰਾਗ ਦਰਬਾਰ ਕਰਵਾਇਆ ਗਿਆ। ਇਸ ਤੋਂ ਇਲਾਵਾ ਬੀਬੀਆਂ ਵੱਲੋਂ ਵੀ ਇਸ ਮਹਾਨ ਵਿਰਾਸਤ ਨਾਲ ਜੁੜਨ ਤੇ ਜੋੜਨ ਲਈ

ਇੱਕ ਵਿਸ਼ੇਸ਼ ਉਪਰਾਲਾ ਕੀਤਾ ਗਿਆ ਅਤੇ ਦੂਜਾ ਸਾਲਾਨਾਗਾਵਨੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸਿੱਖ ਕੀਰਤਨਕਾਰ ਬੀਬੀਆਂ ਵਲੋਂ ਰਾਗਾਤਮਕ ਕੀਰਤਨ ਦੁਆਰਾ ਆਉਂਣ ਵਾਲੀਆਂ ਪੀੜ੍ਹੀਆਂ ਨੂੰ ਗੁਰਮਤਿ ਸੰਗੀਤ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਇਸੇ ਲੜੀ ਵਿੱਚ ਗੁਰਦੁਆਰਾ ਸੈਨਹੋਜ਼ੇ ਕੈਲੀਫੋਰਨੀਆ ਵਿੱਚ ਇੱਕ ਵੱਡਾ ਤੇ ਇਤਿਹਾਸਿਕ ਕਾਰਜ ਹੋਇਆ। ਪ੍ਰਬੰਧਕਾਂ ਨੇ ਦੇਖਿਆ ਕਿ ਇੱਥੇ ਹੁੰਦੇ ਰਾਗ ਦਰਬਾਰਾਂ ਵਿੱਚ ਹੁੰਮ ਹੁਮਾ ਕੇ ਸੰਗਤਾਂ ਪਹੁੰਚਦੀਆਂ ਹਨ। ਇਸੇ ਦਿਲਚਸਪੀ ਨੂੰ ਦੇਖਦਿਆਂ ਅਤੇ ਸੰਗਤਾਂ ਦੀ ਪੁਰਜ਼ੋਰ ਮੰਗ ਤੇ ਉਨਾਂ ਫੈਸਲਾ ਕੀਤਾ ਕਿ ਅਸੀਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਕੀਰਤਨੀ ਜਥਿਆਂ ਨੂੰ ਰਾਗਾਤਮਕ ਕੀਰਤਨ ਦੀ ਟ੍ਰੇਨਿੰਗ ਜ਼ਰੂਰ ਦਿਆਂਗੇ ਤਾਂ ਜੋ ਰਾਗ ਦਰਬਾਰਾਂ ਤੋਂ ਬਿਨਾਂ ਵੀ ਗੁਰਦੁਆਰਾ ਸਾਹਿਬ ਵਿੱਚ ਨਿਰੰਤਰ ਰਾਗਾਤਮਕ ਕੀਰਤਨ ਚਲਦਾ ਰਹੇ। ਕੀਰਤਨੀ ਜਥਿਆਂ ਦੀ ਟ੍ਰੇਨਿੰਗ ਲਈ ਪ੍ਰਬੰਧਕਾਂ ਵੱਲੋਂ ਰਾਗ ਵਿੱਚ ਕੀਰਤਨ ਨਾ ਕਰ ਸਕਣ ਵਾਲਿਆਂ ਵਾਲੇ ਜਥਿਆਂ ਲਈ ਗੁਰੂ ਗ੍ਰੰਥ ਸਾਹਿਬ ਦੇ ਰਾਗ ਸਿੱਖਣੇ ਜ਼ਰੂਰੀ ਕਰ ਦਿੱਤੇ।

ਰਾਗੀ ਸਿੰਘਾਂ ਦੀ ਟ੍ਰੇਨਿੰਗ ਲਈ ਪ੍ਰਬੰਧਕਾਂ ਵੱਲੋਂ ਕਈ ਗੁਰਮਤਿ ਸੰਗੀਤ ਦੇ ਉਸਤਾਦ ਅਧਿਆਪਕਾਂ ਨਾਲ ਰਾਬਤਾ ਕੀਤਾ ਗਿਆ ਪ੍ਰੰਤੂ ਪ੍ਰਬੰਧਕਾਂ ਨੂੰ ਅਸਫਲਤਾ ਦਾ ਸਾਹਮਣਾ ਹੀ ਕਰਨਾ ਪਿਆ। ਇਸ ਇਤਿਹਾਸਿਕ ਫੈਸਲੇ ਨੂੰ ਲਾਗੂ ਕਰਨ ਹਿਤ ਪ੍ਰਬੰਧਕਾਂ ਵੱਲੋਂ ਅਖੀਰੀ ਇਹ ਫੈਸਲਾ ਲਿਆ ਗਿਆ ਕਿ ਇਸ ਕਾਰਜ ਲਈ ਗੁਰਮਤਿ ਸੰਗੀਤ ਦੇ ਪ੍ਰਕਾਂਡ ਵਿਦਵਾਨ, ਗੁਰਮਤਿ ਸੰਗੀਤਾਚਾਰੀਆ, ਸ਼੍ਰੋਮਣੀ ਰਾਗੀ, ਡੀਨ ਅਕਾਦਮਿਕ ਪ੍ਰੋਫ਼ੈਸਰ ਤੇ ਮੁਖੀ (ਰਿਟਾ.) ਗੁਰਮਤਿ ਸੰਗੀਤ ਵਿਭਾਗ ਤੇ ਗੁਰਮਤਿ ਸੰਗੀਤ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਤਿਕਾਰਯੋਗ ਡਾਕਟਰ ਗੁਰਨਾਮ ਸਿੰਘ ਜੀ ਨੂੰ ਬੇਨਤੀ ਕੀਤੀ ਜਾਵੇ। ਉਹਨਾਂ ਵੱਲੋਂ ਇਸ ਸਬੰਧੀ ਡਾਕਟਰ ਗੁਰਨਾਮ ਸਿੰਘ ਜੀ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਗਈ। ਡਾ. ਗੁਰਨਾਮ ਸਿੰਘ ਜੀ ਭਲੀਭਾਂਤ ਜਾਣੂ ਸਨ ਕਿ ਇਹ ਬਹੁਤ ਕਠਿਨ ਕਾਰਜ ਹੈ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਾਰਾ ਪ੍ਰਬੰਧਕ ਕਮੇਟੀ ਦੇ ਸਿਖਲਾਈ ਯਤਨਾਂ ਨੂੰ ਬੂਰ ਨਹੀਂ ਪਿਆ। ਪੰਥਕ ਤੌਰ ਤੇ ਉਹ ਵੀ ਯਤਨ ਸਫ਼ਲ ਨਹੀਂ ਹੋਏ। ਵਿਦੇਸ਼ੀ ਧਰਤੀ ਉੱਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਕਮੇਟੀ ਦੇ ਤੌਰ ਤੇ ਗੁਰਮਤਿ ਸੰਗੀਤ ਦੇ ਹਵਾਲੇ ਨਾਲ ਕੀਰਤਨੀ ਜਥਿਆਂ ਨੂੰ ਕੀਰਤਨ ਸਿਖਾਉਣ ਦਾ ਇਹ ਪਹਿਲਾ ਤੇ ਮੌਲਿਕ ਯਤਨ ਸੀ ਭਾਵੇਂ ਕਿ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਪ੍ਰਬੰਧਕਾਂ ਤੇ ਕੀਰਤਨੀਆਂ ਦੇ ਸੁਭਾਅ ਤੋਂ ਬਹੁਤ ਚੰਗੀ ਤਰ੍ਹਾਂ ਵਾਕਫ਼ ਸਨ ਤੇ ਉਹਨਾਂ ਨੂੰ ਇਹ ਵੀ ਪਤਾ ਸੀ ਕਿ ਇਸ ਕੰਮ ਵਿੱਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ ਪ੍ਰੰਤੂ ਗੁਰਮਤਿ ਸੰਗੀਤ ਨੂੰ ਪੂਰਨ ਰੂਪ ਵਿੱਚ ਸਮਰਪਿਤ ਡਾ. ਗੁਰਨਾਮ ਸਿੰਘ ਜੀ ਵੱਲੋਂ ਇਸ ਕਾਰਜ ਨੂੰ ਕਰਨ ਲਈ ਸਹਿਮਤੀ ਦੇ ਦਿੱਤੀ। ਉਨ੍ਹੇ ਨੇ ਬਹੁਤ ਹੀ ਸ਼ਿੱਦਤ ਤੇ ਮਿਹਨਤ ਨਾਲ ਕਈ ਹਫਤਿਆਂ ਦੀ ਇੱਕ ਵਿਸ਼ੇਸ਼ ਵਰਕਸ਼ਾਪ ਲਗਾ ਕੇ ਸਮੂਹ ਜਥਿਆਂ ਨੂੰ ਗੁਰਮਤਿ ਸੰਗੀਤ ਦੀ ਮੌਲਿਕ ਰਾਗਾਤਮਕ ਸ਼ਬਦ ਕੀਰਤਨ ਦੀ ਟ੍ਰੇਨਿੰਗ ਦਿੱਤੀ।

ਰਾਗਾਤਮਕ ਸ਼ਬਦ ਕੀਰਤਨ ਦੀ ਇਸ ਟ੍ਰੇਨਿੰਗ ਵਿੱਚ ਜਿੱਥੇ ਡਾਕਟਰ ਗੁਰਨਾਮ ਸਿੰਘ ਜੀ ਨੇ ਲਗਨ ਨਾਲ ਰਾਗਾਤਮਕ ਕੀਰਤਨ ਦੀ ਸਿਖਲਾਈ ਦਿੱਤੀ ਉਥੇ ਟ੍ਰੇਨਿੰਗ ਵਿੱਚ ਸ਼ਾਮਿਲ ਕੀਰਤਨੀਏ ਵੀਰਾਂ ਨੇ ਵੀ ਬਹੁਤ ਮਿਹਨਤ ਕਰਕੇ ਇਸ ਟ੍ਰੇਨਿੰਗ ਨੂੰ ਸੰਪੂਰਨ ਕੀਤਾ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਖਾਸ ਕਰਕੇ ਸਰਦਾਰ ਨਰਿੰਦਰ ਪਾਲ ਸਿੰਘ ਜੀ ਹੋਰਾਂ ਨੇ ਵੀ ਇਸ ਵਰਕਸ਼ਾਪ ਦੌਰਾਨ ਸਮੇਂ ਅਤੇ ਸਥਾਨ ਨੂੰ ਸਾਜ਼ਗਾਰ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਵਰਕਸ਼ਾਪ ਵਿੱਚ ਕੁੱਲ ਛੇ ਜਥਿਆਂ ਨੂੰ ਟ੍ਰੇਨਿੰਗ ਦਿੱਤੀ ਗਈ ਜਿਸ ਵਿੱਚ ਬਸੰਤ ਰਾਗ ਦੇ ਵੱਖ ਵੱਖ ਪ੍ਰਕਾਰਾਂ ਜਿਵੇਂ ਸ਼ੁੱਧ ਬਸੰਤ, ਬਸੰਤ ਹਿੰਡੋਲ, ਬਸੰਤ ਪੂਰਵੀ ਅਤੇ ਬਸੰਤ ਬਹਾਰ ਆਦਿ ਨੂੰ ਸ਼ਾਮਿਲ ਕੀਤਾ ਗਿਆ। ਬਸੰਤ ਰਾਗ ਦੇ ਇਨ੍ਹਾਂ ਪ੍ਰਕਾਰਾਂ ਵਿੱਚ ਕੀਰਤਨੀਆਂ ਦੀ ਕੀਰਤਨ ਕੌਸ਼ਲਤਾ ਮੁਤਾਬਕ ਡਾ. ਗੁਰਨਾਮ ਸਿੰਘ ਜੀ ਦੁਆਰਾ ਲਗਭਗ 24 ਸ਼ਬਦਾਂ ਦੀਆਂ ਸ਼ਬਦ ਕੀਰਤਨ ਰਚਨਾਵਾਂ ਬਣਾ ਕੇ ਕੀਰਤਨੀ ਸਿੰਘਾਂ ਨੂੰ ਦਿੱਤੀਆਂ ਗਈਆਂ। ਇਸ ਦੇ

ਨਾਲ ਨਾਲ ਸਭ ਨੂੰ ਬਸੰਤ ਕੀ ਵਾਰ ਦੀ ਵੀ ਖਾਸ ਕਰਕੇ ਸਿਖਲਾਈ ਦਿੱਤੀ ਗਈ। ਹੈਰਾਨੀ ਹੈ ਕਿ ਗੁਰੂ ਘਰਾਂ ਵਿੱਚ ਨਾ ਤਾਂ ਬਸੰਤ ਅਤੇ ਨਾਹੀ ਬਸੰਤ ਕੀ ਵਾਰ ਦਾ ਪੂਰਨ ਰੂਪ ਵਿੱਚ ਗਾਇਨ ਕੀਤਾ ਜਾਂਦਾ ਹੈ।

ਵਰਕਸ਼ਾਪ ਦੀ ਸਫਲਤਾ ਪੂਰਵਕ ਸਮਾਪਤੀ ਤੋਂ ਬਾਅਦ ਹੁਣ ਸਮਾਂ ਸੀ ਉਸ ਮਿਹਨਤ ਨੂੰ ਸੰਗਤਾਂ ਦੇ ਸਨਮੁਖ ਰੱਖਣ ਦਾ। ਇਸ ਕਾਰਜ ਲਈ ਪ੍ਰਬੰਧ ਕਮੇਟੀ ਨੇ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਬਸੰਤ ਰਾਗ ਦਰਬਾਰ ਕਰਵਾਉਣ ਦਾ ਫੈਸਲਾ ਕੀਤਾ। ਇਸ ਸਮਾਗਮ ਦੌਰਾਨ ਭਾਈ ਓਂਕਾਰ ਸਿੰਘ ਊਨਾ ਸਾਹਿਬ ਵਾਲੇ, ਭਾਈ ਹਰਭਜਨ ਸਿੰਘ ਲਹਰੀ, ਭਾਈ ਮਨਮੋਹਣ ਸਿੰਘ ਜੋ ਕਿ ਕਈ ਸਾਲਾਂ ਤੋਂ ਸੈਨਹੋਜ਼ੇ ਵਿਖੇ ਬੱਚਿਆਂ ਨੂੰ ਗੁਰਮਤਿ ਸੰਗੀਤ ਨਾਲ ਜੋੜ ਰਹੇ ਹਨ, ਭਾਈ ਰਸ਼ਪਾਲ ਸਿੰਘ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਸਤਨਾਮ ਸਿੰਘ ਜੀ ਹੋਰਾਂ ਵੱਲੋਂ ਸ਼ੁਧ ਬਸੰਤ, ਬਸੰਤ ਹਿੰਡੋਲ ਅਤੇ ਬਸੰਤ ਪੂਰਵੀ ਆਦਿ ਰਾਗਾਂ ਵਿੱਚ ਬਾ-ਕਮਾਲ ਰਾਗਬੱਧ ਕੀਰਤਨ ਕੀਤਾ ਗਿਆ। ਹਰ ਕੀਰਤਨੀਏ ਵੱਲੋਂ ਆਪਣੇ ਕੀਰਤਨ ਦੀ ਸਮਾਪਤੀ 'ਤੇ ਰਿਵਾਇਤ ਅਨੁਸਾਰ ਬਸੰਤ ਕੀ ਵਾਰ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਬਹੁਤ ਆਨੰਦਮਈ ਮਾਹੌਲ ਬਣ ਗਿਆ ਸੀ।

ਬਸੰਤ ਰਾਗ ਦਰਬਾਰ ਆਸ ਤੋਂ ਵੀ ਵੱਧ ਕੇ ਬਹੁਤ ਹੀ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ। ਬਸੰਤ ਰਾਗ ਵਿੱਚ ਗੁਰਬਾਣੀ ਦੇ ਇਸ ਕੀਰਤਨ ਦੇ ਅਨੰਦ ਦਾ ਅੰਦਾਜ਼ਾ ਸੰਗਤਾਂ ਵਿੱਚ ਬੈਠ ਕੇ ਸਹਿਜੇ ਹੀ ਲਗਾਇਆ ਜਾ ਸਕਦਾ ਸੀ। ਸਾਰੇ ਹੀ ਕੀਰਤਨੀ ਜਥੇ ਇਸ ਇਤਿਹਾਸਿਕ ਸਮਾਗਮ ਦਾ ਹਿੱਸਾ ਬਣ ਕੇ ਆਪਣੇ ਆਪ ਨੂੰ ਭਾਗਾਂਸ਼ਾਲੀ ਮਹਿਸੂਸ ਕਰ ਰਹੇ ਸਨ। ਹਰ ਜਥਾ ਆਪਣੇ ਆਪਣੇ ਕੀਰਤਨ ਉਪਰੰਤ ਬੋਲਦੇ ਹੋਏ ਜਿੱਥੇ ਉਹ ਪ੍ਰਬੰਧਕਾਂ ਦਾ ਧੰਨਵਾਦ ਕਰ ਰਹੇ ਸੀ ਉੱਥੇ ਉਹ ਖਾਸ ਕਰਕੇ ਡਾ. ਗੁਰਨਾਮ ਸਿੰਘ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰ ਰਹੇ ਸਨ ਜਿਨਾਂ ਨੇ ਉਹਨਾਂ ਨੂੰ ਕੀਰਤਨੀਆਂ ਦੀ ਵਿਸ਼ੇਸ਼ ਸ਼੍ਰੇਣੀ ਵਿੱਚ ਨਾਮ ਦਰਜ ਕਰਵਾਉਣ ਯੋਗ ਬਣਾ ਦਿੱਤਾ। ਭਾਈ ਓਂਕਾਰ ਸਿੰਘ ਜੀ ਊਨਾ ਸਾਹਿਬ ਵਾਲਿਆਂ ਨੇ ਡਾਕਟਰ ਸਾਹਿਬ ਜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਡਾਕਟਰ ਸਾਹਿਬ ਜੀ ਪ੍ਰਤੀ ਵਿਸ਼ੇਸ਼ ਸਨਮਾਨ ਤਾਂ ਬਚਪਨ ਤੋਂ ਹੀ ਸੀ ਪਰ ਹੁਣ ਮੇਰੇ ਸਿਰ ਦੇ ਤਾਜ ਬਣ ਗਏ। ਉਹਨਾਂ ਕਿਹਾ ਕਿ ਇਹ ਸੁਨਹਿਰੀ ਮੌਕੇ ਤੋਂ ਵੀ ਕਿਤੇ ਉੱਪਰ ਦੀ ਗੱਲ ਸੀ ਕਿ ਡਾਕਟਰ ਗੁਰਨਾਮ ਸਿੰਘ ਵਰਗੇ ਗੁਣੀ ਜਨਾਂ ਦੇ ਚਰਨਾਂ ਵਿੱਚ ਬੈਠ ਕੇ ਸਾਨੂੰ ਅਨਮੋਲ ਵਿਰਾਸਤ ਨੂੰ ਸਿੱਖਣ ਦਾ ਮੌਕਾ ਮਿਲਿਆ। ਜਿਨਾਂ ਆਪਣੀ ਜਾਨ ਦੀ ਬਾਜੀ ਲਾ ਕੇ ਸਾਨੂੰ ਸਿਖਾਇਆ। ਮੈਂ ਆਪਣੀ 34-35 ਸਾਲਾਂ ਦੇ ਕੀਰਤਨ ਸਫ਼ਰ ਵਿੱਚ ਐਸਾ ਸਿੱਖਣਾ ਨਹੀਂ ਵੇਖਿਆ। ਉਹਨਾਂ ਉਦਾਹਰਨ ਦਿੰਦਿਆਂ ਕਿਹਾ ਕਿ ਅੱਜ ਐਵੇਂ ਮਹਿਸੂਸ ਹੋ ਰਿਹਾ ਸੀ ਜਿਵੇਂ ਸਾਡੇ ਵਿੱਚ ਬੈਠ ਕੇ ਉਸਤਾਦ ਡਾਕਟਰ ਗੁਰਨਾਮ ਸਿੰਘ ਜੀ ਆਪ ਕੀਰਤਨ ਕਰ ਰਹੇ ਹੋਣ। ਉਹਨਾਂ ਕਿਹਾ ਡਾਕਟਰ ਸਾਹਿਬ ਤੁਸੀਂ ਮਿਥ ਕੇ ਆਪਣੇ ਐਸ਼ੋ ਆਰਾਮ ਨੂੰ ਤਿਆਗ ਕੇ ਸਾਨੂੰ ਜੋ ਸਿਖਾਇਆ ਹੈ ਅਸੀਂ ਤਾ-ਉਮਰ ਆਪ ਜੀ ਦੇ ਤਹਿ ਦਿਲੋਂ ਰਿਣੀ ਰਹਾਂਗੇ।

ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਕਰਦੇ ਹੋਏ ਸਰਦਾਰ ਨਰਿੰਦਰ ਪਾਲ ਸਿੰਘ ਨੇ ਸਮੂਹ ਪ੍ਰਬੰਧਕ ਕਮੇਟੀ ਅਤੇ ਜਥਿਆਂ ਤਰਫ਼ੋਂ ਡਾਕਟਰ ਗੁਰਨਾਮ ਸਿੰਘ ਜੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਭਾਵੇਂ ਇਹ ਸਾਰਾ ਕਾਰਜ ਮੁਸ਼ਕਲਾਂ ਭਰਿਆ ਸੀ ਤੇ ਸਾਨੂੰ ਇਸ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ ਪ੍ਰੰਤੂ ਫਿਰ ਵੀ ਡਾਕਟਰ ਸਾਹਿਬ ਨੇ ਪਿੱਠ ਨਾ ਦਿਖਾਉਂਦਿਆਂ ਇਸ ਸਾਰੇ ਕਾਰਜ ਨੂੰ ਪੂਰਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਹਨਾਂ ਦੀ ਲਗਨ ਸਦਕਾ ਇਹ ਕਾਰਜ ਸਿਰੇ ਚੜ ਸਕਿਆ ਹੈ। ਉਹਨਾਂ ਰਾਗੀ ਜਥਿਆਂ ਦਾ ਵੀ ਧੰਨਵਾਦ ਕੀਤਾ ਜਿਨਾਂ ਨੇ ਇਸ ਸਮਾਗਮ ਨੂੰ ਪੂਰਾ ਕਰਨ ਵਿੱਚ ਸਹਿਯੋਗ ਦਿੱਤਾ। ਉਹਨਾਂ ਗੁਰਪ੍ਰੀਤ ਸਿੰਘ, ਨਿਰਮਲ ਸਿੰਘ ਸੂਰਾ, ਰਾਜਵਿੰਦਰ ਸਿੰਘ ਅਤੇ ਲੀਨਾ ਸਿੰਘ ਦਾ ਵੀ ਧੰਨਵਾਦ ਕੀਤਾ ਜਿਨਾਂ ਇਸ ਸਾਰੀ ਵਰਕਸ਼ਾਪ ਵਿੱਚ ਡਾਕਟਰ ਗੁਰਨਾਮ ਸਿੰਘ ਜੀ ਨਾਲ ਸਹਾਇਕ ਵਜੋਂ ਸੇਵਾ ਨਿਭਾਈ। ਇਸ ਸਾਰੇ ਸਮਾਗਮ ਦੀ ਸਫਲਤਾ ਪੂਰਵਕ ਸਮਾਪਤੀ ਤੋਂ ਬਾਅਦ ਸੰਗਤਾਂ ਦੀ ਪੁਰਜ਼ੋਰ ਮੰਗ ਉਠੀ ਕਿ ਬਸੰਤ ਦਰਬਾਰ ਤੋਂ ਤੁਰੰਤ ਬਾਅਦ ਇਸ ਵਰਕਸ਼ਾਪ ਨੂੰ ਕੁਝ ਹਫਤਿਆਂ ਲਈ ਹੋਰ ਵਧਾਇਆ ਜਾਵੇ ਤਾਂ ਕਿ ਸਾਰੇ ਰਾਗੀ

ਸਿੰਘ ਡਾਕਟਰ ਸਾਹਿਬ ਤੋਂ 31 ਰਾਗਾਂ ਦੀ ਟ੍ਰੇਨਿੰਗ ਲੈ ਸਕਣ। ਪ੍ਰਬੰਧਕਾਂ ਦੀ ਸਨਿਮਰ ਬੇਨਤੀ ਤੇ ਸੰਗਤਾਂ ਵਿੱਚ ਰਾਗਬੱਧ ਕੀਰਤਨ ਪ੍ਰਤੀ ਅਥਾਹ ਪਿਆਰ ਅਤੇ ਸਤਿਕਾਰ ਨੂੰ ਦੇਖਦੇ ਹੋਏ ਡਾਕਟਰ ਸਾਹਿਬ ਵੱਲੋਂ ਜਥਿਆਂ ਨੂੰ 31 ਰਾਗਾਂ ਦੀ ਸਿਖਲਾਈ ਦਾ ਮਹਾਨ ਕਾਰਜ ਆਰੰਭ ਕਰ ਦਿੱਤਾ ਗਿਆ ਜਿਸ ਵਿੱਚ ਇਹਨਾਂ ਛੇ ਜਥਿਆਂ ਨੂੰ 31 ਰਾਗਾਂ ਵਿੱਚ ਵੱਖ ਵੱਖ ਸ਼ਬਦ ਕੀਰਤਨ ਦੀਆਂ ਸੁਰਲਿੱਪੀਬੱਧ ਸ਼ਬਦ ਕੀਰਤਨ ਰਚਨਾਵਾਂ ਸਿਖਾਈਆਂ ਗਈਆਂ। ਇਹ ਕਾਰਜ ਪਹਿਲਾਂ ਤੋਂ ਵੀ ਵਧੇਰੇ ਚੁਣੌਤੀਆਂ ਭਰਿਆ ਸੀ ਪਰੰਤੂ ਇਸ ਕਾਰਜ ਦੀ ਸੇਵਾ ਵੀ ਗੁਰੂ ਸਾਹਿਬ ਨੇ ਆਪ ਡਾਕਟਰ ਗੁਰਨਾਮ ਸਿੰਘ ਜੀ ਪਾਸੋਂ ਲੈ ਲਈ। ਅਖੀਰੀ 17 ਤੇ 18 ਫਰਵਰੀ ਨੂੰ ਗੁਰਦੁਆਰਾ ਸੈਨਹੋਜ਼ੇ ਵਿਖੇ ਦੋ ਦਿਨਾਂ ਦਾ ਵਿਸ਼ੇਸ਼ ਰਾਗ ਦਰਬਾਰ ਸਜਾਇਆ ਗਿਆ ਜਿਸ ਵਿੱਚ ਸਾਰੇ ਹੀ ਜਥਿਆਂ ਨੇ ਰਾਗਬੱਧ ਕੀਰਤਨ ਕਰਕੇ ਸੰਗਤਾਂ ਨੂੰ ਸਰਸ਼ਾਰ ਕੀਤਾ

ਇਸ ਸਾਰੇ ਸਮਾਗਮ ਨੂੰ ਹੁੰਦਿਆਂ ਦੇਖ ਕੇ ਮਹਿਸੂਸ ਹੋ ਰਿਹਾ ਸੀ ਕਿ ਕਿੰਨਾ ਚੰਗਾ ਹੋਵੇ ਜਿਵੇਂ ਗੁਰਦੁਆਰਾ ਸੈਨਹੋਜ਼ੇ ਨੇ ਇਹ ਮੌਲਿਕ ਕਾਰਜ ਕੀਤਾ ਹੈ ਜਿਸ ਵਿੱਚ ਹਜ਼ੂਰੀ ਰਾਗੀਆਂ ਨੂੰ ਰਾਗਾਤਮਕ ਕੀਰਤਨ ਵਿੱਚ ਨਿਪੁੰਨ ਕਰਨ ਦੀ ਕੋਸ਼ਿਸ਼ ਕੀਤੀ ਗਈ ਉਸੇ ਤਰ੍ਹਾਂ ਸਾਡੀਆਂ ਪੰਥਕ ਤੇ ਸਿਰਮੌਰ ਸਿੱਖ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਵੀ ਅਜਿਹੇ ਉਪਰਾਲੇ ਕਰਨ ਤਾਂ ਜੋ ਉਹਨਾਂ ਨੂੰ ਬਹੁਤਾਤ ਸੰਗਤਾਂ ਵਲੋਂ ਨਾਮੋਸ਼ੀ ਜਾਂ ਆਲੋਚਨਾ ਦਾ ਸਾਹਮਣਾ ਨਾ ਕਰਨਾ ਪਵੇ। ਸ੍ਰੀ ਦਰਬਾਰ ਸਾਹਿਬ ਵਿਖੇ ਹੋ ਰਹੇ ਕੀਰਤਨ ਨਾਲ ਸ਼ਬਦ ਕੀਰਤਨ ਮਰਯਾਦਾ ਦੀ ਉਲੰਘਣਾ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਸਾਡੇ ਕੀਰਤਨੀਆਂ ਵਿੱਚ ਕੋਈ ਕਮੀ ਹੈ। ਉਹ ਬਹੁਤ ਸੁਰੀਲੇ ਹਨ। ਬਹੁਤ ਸਮਝਦਾਰ ਹਨ ਪਰੰਤੂ ਉਹਨਾਂ ਨੂੰ ਕੰਮ ਕਰਨ ਦੇ ਜਾਂ ਸਿੱਖਣ ਦੇ ਮੌਕੇ ਤਾਂ ਪ੍ਰਦਾਨ ਕਰਨੇ ਚਾਹੀਦੇ ਹਨ। ਮੌਜੂਦਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਸਤਿਕਾਰਯੋਗ ਗਿਆਨੀ ਰਘਵੀਰ ਸਿੰਘ ਜੀ ਬਹੁਤ ਸਿਆਣੇ ਅਤੇ ਬਹੁਤ ਸੁਚੱਜੇ ਢੰਗ ਨਾਲ ਕੌਮ ਦੀ ਅਗਵਾਈ ਕਰ ਰਹੇ ਹਨ। ਉਹਨਾਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਨਮੋਸ਼ੀ ਤੋਂ ਬਚਣ ਲਈ ਅਤੇ ਕੀਰਤਨ ਦੇ ਪੱਧਰ ਨੂੰ ਹੋਰ ਰਸਿਕ ਬਣਾਉਣ ਲਈ ਵਿਸ਼ੇਸ਼ ਟ੍ਰੇਨਿੰਗ ਸੈਸ਼ਨ ਸ਼ੁਰੂ ਕੀਤੇ ਜਾਣ। ਇਸੇ ਹੀ ਤਰ੍ਹਾਂ ਦਿੱਲੀ ਕਮੇਟੀ ਅਤੇ ਹੋਰ ਵੱਖ-ਵੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਅਜਿਹੇ ਪ੍ਰੋਗਰਾਮ ਉਲੀਕ ਕੇ ਗੁਰਮਤਿ ਸੰਗੀਤ ਦੀ ਮਹਾਨ ਵਿਰਾਸਤ ਦੇ ਪ੍ਰਚਾਰ ਅਤੇ ਪਾਸਾਰ ਵਿੱਚ ਬਣਦਾ ਯੋਗਦਾਨ ਪਾਉਣ।

ਸੱਚਮੁਚ ਹੀ ਗੁਰਦੁਆਰਾ ਸੈਨਹੋਜ਼ੇ ਕੈਲੀਫੋਰਨੀਆਂ ਦੇ ਇਸ ਉਦਮ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਉਹ ਘੱਟ ਹੈ। ਉਨ੍ਹਾਂ ਦਾ ਇਹ ਕਾਰਜ ਜਿਥੇ ਬਾਕੀ ਪ੍ਰਬੰਧਕ ਕਮੇਟੀਆਂ ਲਈ ਇੱਕ ਚਾਨਣ ਮੁਨਾਰਾ ਹੈ ਉਥੇ ਗੁਰਮਤਿ ਸੰਗੀਤ ਦੇ ਰਾਗਾਤਮਕ ਕੀਰਤਨ ਦੇ ਪ੍ਰਚਾਰ ਵਿੱਚ ਮੀਲ ਪੱਥਰ ਵੀ ਸਾਬਤ ਹੋਵੇਗਾ। ਆਸ ਕਰਦੇ ਹਾਂ ਜਿਸ ਤਰ੍ਹਾਂ ਇਸ ਗੁਰੂ ਘਰ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਪਾਸਾਰ ਵਿੱਚ ਜੋ ਗੰਭੀਰਤਾ ਦਿਖਾਈ ਹੈ ਉਸੇ ਤਰ੍ਹਾਂ ਬਾਕੀ ਦੇ ਗੁਰੂ ਘਰ ਵੀ ਇਸ ਮਹਾਨ ਵਿਰਾਸਤ ਦੀ ਸਾਂਭ ਸੰਭਾਲ ਲਈ ਉਦਮ ਕਰਨਗੇ। ਇਸ ਤਰ੍ਹਾਂ ਕਰਨ ਨਾਲ ਜਿਥੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਸੰਗੀਤਕ ਵਿਰਾਸਤ ਨੂੰ ਸੰਭਾਲ ਸਕਾਂਗੇ ਉਥੇ ਆਪਣੀਆਂ ਆਉਂਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਸ ਮਹਾਨ ਵਿਰਾਸਤ ਨਾਲ ਜੋੜ ਸਕਾਂਗੇ।

# ਸਾਦਗੀ, ਸਿਮਰਨ ਤੇ ਗੁਰਮਤਿ ਸੰਗੀਤ ਦੀ ਜਗਦੀ ਜੋਤ ’ਨਾਮਧਾਰੀ ਮੁਖੀ, ਸਤਿਗੁਰੂ ਜਗਜੀਤ ਸਿੰਘ ਜੀ

**ਹਰਭਜਨ ਸਿੰਘ ਰਤਨ**

1947 ਤੋਂ ਪਹਿਲਾਂ, ਮੇਰਾ ਨਾਮਧਾਰੀ ਸੰਪ੍ਰਦਾ ਨਾਲ ਕੋਈ ਖ਼ਾਸ ਸੰਬੰਧ ਨਹੀਂ ਸੀ। ਹਾਂ ਏਨਾ ਜ਼ਰੂਰ ਸੀ, ਕਿ ਸਰਗੋਧਾ ਵਿਚ ਜਦੋਂ ਮੇਰੇ ਪਿਤਾ ਜੀ, ਭਾਈ ਪ੍ਰਧਾਨ ਸਿੰਘ ਜੀ, ਜੋ ਆਪਣੇ ਜ਼ਮਾਨੇ ਵਿਚ ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਸਨ, ਨੇ ਨਵਾਂ ਮਕਾਨ ਬਣਵਾਇਆ, ਤਾਂ ਉਸਾਰੀ ਦਾ ਕੰਮ ਕਰਨ ਵਾਲੇ ਦੋ ਨਾਮਧਾਰੀ ਭਰਾ ਸਨ, ਜਿਨ੍ਹਾਂ ਵਿਚੋਂ ਵੱਡੇ ਦਾ ਨਾਮ ਸ੍ਰ. ਈਸ਼ਰ ਸਿੰਘ ਸੀ। ਉਹ ਆਪਣੀ ਸੰਪ੍ਰਦਾਇ ਬਾਰੇ ਮੇਰੇ ਪਿਤਾ ਜੀ ਨਾਲ, ਕਾਫ਼ੀ ਚਰਚਾ ਕਰਦੇ ਰਹਿੰਦੇ ਸਨ। ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉੱਥੇ ਆਏ ਤਾਂ ਮੈਂ ਦੀਵਾਨ ਵੇਖਣ ਗਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਗੁਰਮਤ ਸੰਗੀਤ ਨੂੰ ਪ੍ਰਚਾਰਨ, ਵਿਕਸਤ ਕਰਨ ਅਤੇ ਸੁਰੱਖਿਅਤ ਕਰਨ ਦੀ ਬਹੁਤ ਲਗਨ ਸੀ । ਉਨ੍ਹਾਂ ਇਕ ਵਾਰ ਭੈਣੀ ਸਾਹਿਬ ਵਿਚ ਕੀਰਤਨ ਦਰਬਾਰ ਕਰਵਾਇਆ ਤੇ ਕਈ ਰਾਗੀ ਜਥਿਆਂ ਨੂੰ ਸੱਦੇ ਪੱਤਰ ਪਾ ਕੇ ਬੁਲਵਾਇਆ। ਪਰ ਇਸ ਗਲ ਦਾ ਖ਼ਿਆਲ ਰੱਖਿਆ ਕਿ ਕੀਰਤਨੀਏ ਕੇਵਲ ਉਹੀ ਬੁਲਾਏ ਜਾਣ, ਜੋ ਸ਼ਾਸਤਰੀ ਸੰਗੀਤ ਦੇ ਮਾਹਿਰ ਹੋਣ ਅਤੇ ਗੁਰਬਾਣੀ ਦੇ ਸ਼ਬਦਾਂ ਦਾ ਨਿਰਧਾਰਿਤ ਰਾਗਾਂ ਵਿਚ ਗਾਇਨ ਕਰ ਸਕਣ ਦੀ ਸਮਰੱਥਾ ਰੱਖਦੇ ਹੈ। ਇਸ ਸੰਬੰਧ ਵਿਚ ਮੇਰੇ ਪਿਤਾ ਜੀ ਦਾ ਨਾਮ ਤੇ ਉਨ੍ਹਾਂ ਦਾ ਜਥਾ “ਭਾਈ ਸਾਹਿਬ ਸੁਧ ਸਿੰਘ ਪ੍ਰਧਾਨ ਸਿੰਘ” ਬਹੁਤ ਪ੍ਰਸਿੱਧ ਸੀ। ਵੈਸੇ ਵੀ ਇਹ ਜਥਾ ਆਪਣੇ ਜੀਵਨ, ਸੇਵਾ-ਭਾਵ, ਅਤੇ ਬਿਨਾਂ ਮਾਇਆ ਦੇ ਲਾਲਚ ਦੇ ਨਿਸ਼ਕਾਮ ਸਿੱਖੀ, ਗੁਰਬਾਣੀ ਅਤੇ ਗੁਰਮਤ ਦੇ ਪ੍ਰਚਾਰ ਲਈ, ਬਹੁਤ ਸਨਮਾਨਿਆ ਜਾਂਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਉਚੇਚਾ ਬੰਦਾ ਭੇਜ ਕੇ ਇਨ੍ਹਾਂ ਨੂੰ ਭੈਣੀ ਸਾਹਿਬ ਪੁਜਣ ਦਾ ਸਦਾ ਘਲਿਆ।

ਮੇਰੇ ਪਿਤਾ ਜੀ ਉੱਥੇ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੋ ਤਿੰਨ ਦਿਨ ਉਨ੍ਹਾਂ ਨੂੰ ਉੱਥੇ ਰੱਖ ਕੇ, ਉਨ੍ਹਾਂ ਦਾ ਕੀਰਤਨ ਸੁਣਿਆ। ਮੇਰੇ ਪਿਤਾ ਜੀ ਨੇ ਉਨ੍ਹਾਂ ਨੂੰ ਪੁਰਾਤਨ ਰੀਤਾਂ, ਪੜਤਾਲਾਂ, ਗੁਲਦਸਤੇ ਅਤੇ ਅਲੋਪ ਹੋ ਰਹੀਆਂ ਪੁਰਾਤਨ ਧਾਰਨਾਵਾਂ ਸੁਣਾਈਆਂ, ਜਿਨ੍ਹਾਂ ਨੂੰ ਸੁਣ ਕੇ ਉਹ ਬਹੁਤ ਪ੍ਰਭਾਵਿਤ ਅਤੇ ਪ੍ਰਸੰਨ ਹੋਏ। ਤੋਰਨ ਲੱਗਿਆਂ ਉਨ੍ਹਾਂ ਨੂੰ ਚੰਗੀ ਭੇਟਾ, ਸ਼ਾਲਾਂ ਆਦਿ ਸਨਮਾਨ ਦੇ ਤੌਰ ਤੇ ਦੇਣ ਤੋਂ ਇਲਾਵਾ ਇਕ ਵਧੀਆ ਗਊਂ, ਚੰਗਾ ਦੁੱਧ ਦੇਣ ਵਾਲੀ, ਵੀ ਪ੍ਰਦਾਨ ਕੀਤੀ। ਇਹ ਗਊ ਉਨ੍ਹਾਂ ਦੇ ਦੋ ਸੇਵਕ, ਭੈਣੀ ਸਾਹਿਬ ਤੋਂ ਪੈਦਲ ਤੁਰਦੇ ਤੁਰਾਉਂਦੇ, ਕਈ ਦਿਨਾਂ ਬਾਅਦ ਵੱਛੇ ਸਮੇਤ ਸਰਗੋਧੇ ਸਾਡੇ ਘਰ ਪੁਚਾ ਗਏ। ਉਦੋਂ ਮੈਂ ਬੱਚਾ ਸਾਂ ਤੇ ਸਕੂਲ ਵਿਚ ਪੜ੍ਹਦਾ ਸਾਂ। ਇਸ ਤਰ੍ਹਾਂ ਬਚਪਨ ਤੋਂ ਹੀ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਭੇਜੀ ਗਊ ਦਾ ਦੁੱਧ ਪੀਣ ਦਾ ਸੁਭਾਗ ਪ੍ਰਾਪਤ ਹੋਇਆ। ਪਰ ਇਸ ਤੋਂ ਵਧ ਮੇਰਾ ਤੇ ਮੇਰੇ ਪਰਵਾਰ ਦਾ ਨਾਮਧਾਰੀ ਦਰਬਾਰ ਨਾਲ, ਕੋਈ ਸੰਪਰਕ ਨਹੀਂ ਸੀ।

1947 ਵਿਚ ਦੇਸ਼ ਦੀ ਵੰਡ ਪਿੱਛੋਂ, ਜਦੋਂ ਮੈਂ ਦਿੱਲੀ ਆ ਗਿਆ, ਉਦੋਂ ਤਕ ਮੇਰਾ ਨਾਮ ਸਿੱਖਾਂ ਵਿਚ, ਗੀਤਕਾਰ ਤੋਂ ਸੰਗੀਤਕਾਰ ਦੇ ਤੌਰ ਤੇ ਖ਼ਾਸਾ ਪ੍ਰਸਿੱਧ ਹੋ ਚੁਕਾ ਸੀ। ਮੈਂ 1947 ਤੋਂ ਪਹਿਲਾਂ ਵੀ ਦੋ ਤਿੰਨ ਵਾਰ ਦਿੱਲੀ ਦੇ ਕਵੀ ਦਰਬਾਰਾਂ ਵਿਚ ਸ਼ਾਮਲ ਹੋਕੇ ਮਕਬੂਲ ਹੋ ਚੁਕਾ ਸਾਂ । ਸੰਤਾਲੀ ਪਿੱਛੋਂ ਹਜ਼ਾਰਾ ਸਿੰਘ ਗੁਰਦਾਸਪੁਰੀ ਵੀ ਗੁਰਦਾਸਪੁਰ- ਛੱਡ ਕੇ ਦਿੱਲੀ ਆ ਗਿਆ ਸੀ, ‘ਬਰਕਤ’ ਪੰਜਾਬੀ ਅਤੇ ਗੋਰੀ ਸ਼ੰਕਰ ਸਾਕੀ ਤਾਂ ਪਹਿਲਾਂ ਹੀ ਦਿੱਲੀ ਰਹਿੰਦੇ ਸਨ । ਤੇਜਾ ਸਿੰਘ ਸਾਬਰ, ਤਾਰਾ ਚੰਦ ਆਜ਼ਾਦ, ਕੇਦਾਰਨਾਥ ਬਾਗ਼ੀ, ਅਤੇ ਬਿਸ਼ਨ ਸਿੰਘ ਉਪਾਸ਼ਕ ਵਰਗੇ ਕਵੀ ਵੀ ਦਿੱਲੀ ਵੱਸ ਗਏ ਸਨ। ਇਸ ਤਰ੍ਹਾਂ ਸਾਡਾ ਇਕ ਚੰਗਾ ਤਕੜਾ ਸਰਕਲ ਬਣ ਗਿਆ ਸੀ।

ਉਦੋਂ ਪਹਾੜਗੰਜ ਦੀ ਨਾਮਧਾਰੀ ਧਰਮਸ਼ਾਲਾ ਵਿਖੇ ਹਰ ਸਾਲ ਬਸੰਤ ਪੰਚਮੀ ਆਦਿ ਦੇ ਸਮਾਗਮ ਹੁੰਦੇ ਸਨ । ਸਤਿਗੁਰੂ ਪ੍ਰਤਾਪ ਸਿੰਘ ਜੀ, ਇਨ੍ਹਾਂ ਸਮਾਗਮਾਂ ਤੇ ਦਰਸ਼ਨ ਦੇਂਦੇ ਸਨ, ਅਤੇ ਉਹ ਧਰਮਸ਼ਾਲਾ ਦੇ ਨਜ਼ਦੀਕ, ਆਰਾਮ ਬਾਗ਼ ਵਿਚ, ਸ੍ਰ. ਸੁਚਾ ਸਿੰਘ ਦੇ ਕੁਆਰਟਰ ਵਿਚ ਠਹਿਰਿਆ ਕਰਦੇ ਸਨ। ਮੈਂ ਇਨ੍ਹਾਂ ਕਵੀ ਦਰਬਾਰਾਂ ਵਿਚ ਸ਼ਾਮਲ ਹੁੰਦਾ ਸਾਂ, ਤੋਂ ਸ੍ਰ ਸੁਚਾ ਸਿੰਘ ਦੇ ਕੁਆਰਟਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਦੇ ਦਰਸ਼ਨ ਕਰਨ ਵੀ ਜਾਇਆ ਕਰਦਾ ਸਾਂ, ਪਰ ਇਸ ਤੋਂ ਵਧ, ਇਸ ਸੰਪ੍ਰਦਾਇ ਨਾਲ ਬਹੁਤਾ ਗੂੜ੍ਹਾ ਸੰਬੰਧ ਨਹੀਂ ਸੀ।

1961 ਤੋਂ ਬਾਅਦ ਮੈਂ ਆਕਾਸ਼ਵਾਣੀ ਵਿਚ ਪੰਜਾਬੀ ਪ੍ਰੋਗਰਾਮਾਂ ਦੇ ਪ੍ਰੋਡਿਊਸਰ ਦੀ ਪਦਵੀ ਤੇ ਨਿਯੁਕਤ ਹੋਕੇ, ਜਲੰਧਰ ਰੇਡੀਉ ਸਟੇਸ਼ਨ ਜਾ ਲਗਾ, ਅਤੇ ਹੌਲੇ ਹੌਲੇ, ਪੰਜਾਬ ਵਿਚ, ਆਪਣੇ ਰੇਡੀਉ ਪ੍ਰੋਗਰਾਮਾਂ, ਕਵੀ ਦਰਬਾਰਾਂ

ਅਤੇ ਹੋਰ ਸਮਾਗਮਾਂ ਵਿਚ ਸ਼ਾਮਲ ਹੋਣ ਕਾਰਨ, ਪ੍ਰਸਿੱਧੀ ਪ੍ਰਾਪਤ ਕਰਕੇ ਕਾਫ਼ੀ ਹਰਮਨ ਪਿਆਰਾ ਤੇ ਚਰਚਿਤ ਹੋ ਗਿਆ ਸੀ। ਇਕ ਵਾਰੀ ਸ੍ਰ ਸਵਰਨ ਸਿੰਘ ਸਨੇਹੀ, ਮੇਰੇ ਪਾਸ ਜਲੰਧਰ ਆਏ ਤੇ ਮੈਨੂੰ ਕਹਿਣ ਲੱਗੇ ਕਿ ਤੁਹਾਨੂੰ ਲੁਧਿਆਣੇ ਦੇ ਮੇਲੇ ਤੇ ਬੁਲਾਇਆ ਗਿਆ ਹੈ ਤੇ ਮੈਂ ਸਤਿਗੁਰੂ ਦੇ ਹੁਕਮ ਨਾਲ। ਤੁਹਾਨੂੰ ਬੇਨਤੀ ਕਰਨ ਆਇਆ ਹਾਂ। ਇਹ ਸ਼ਾਇਦ 1968 ਦੀ ਗਲ ਹੈ।

ਮੈਂ ਉਸ ਸਮਾਗਮ ਤੇ ਸਵੇਰ ਦੇ ਦੀਵਾਨ ਵਿਚ ਹਾਜ਼ਰ ਹੋਇਆ। ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਣ ਸਤਿਕਾਰ ਨਾਲ ਆਪਣੇ ਪਾਸ ਸਟੇਜ ਤੇ ਬਿਠਾਇਆ, ਅਤੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਪਿੱਛੋਂ ਆਪਣੇ ਗੀਤ ਗਾਣ ਲਈ ਆਦੇਸ਼ ਦਿੱਤਾ। ਸੰਗਤਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਮੈਂ ਇਸ ਸਮਾਗਮ ਲਈ ਦੋ ਗੀਤ ਲਿਖ ਕੇ ਲੈ ਗਿਆ ਸਾਂ। ਇਹ ਦੋਵੇਂ ਸਤਿਗੁਰੂ ਰਾਮ ਸਿੰਘ ਜੀ ਸੰਬੰਧੀ ਸਨ। ਪਹਿਲਾਂ ਤਾਂ ਉਨ੍ਹਾਂ ਦੀ ਤਸਵੀਰ ਨੂੰ ਮੁਖ਼ਾਤਬ ਕਰਕੇ ਲਿਖਿਆ ਸੀ, ਤੇ ਉਨ੍ਹਾਂ ਦੇ ਜੀਵਨ ਦੀਆਂ ਕੁਝ ਝਾਕੀਆਂ ਦਰਸਾਈਆਂ ਸਨ। ਮੁਖੜਾ ਸੀ –

> ਵੱਸ ਗਈ ਮਨ ਮੇਰੇ, ਤੇਰੀ ਤਸਵੀਰ ਹੈ
> ਮਿਲ ਗਈ ਮੈਨੂੰ ਦੋ ਜਹਾਨਾਂ ਦੀ ਜਾਗੀਰ ਹੈ।

ਦੂਜਾ ਗੀਤ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਤੇ ਬ੍ਰਿਹਾ ਦਾ ਸੀ, ਕੂਕਾ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਵਿਆਕੁਲ ਰਹਿੰਦੇ ਹਨ ਤੇ ਜਦੋਂ ਕੋਈ ਬ੍ਰਿਹਾ ਤੋਂ ਦਰਦ ਫ਼ਿਰਾਕ ਦਾ ਗੀਤ ਗਾਇਆ ਜਾਵੇ ਤਾਂ ਇਨ੍ਹਾਂ ਵਿਚੋਂ ਕਈਆਂ ਦੀ ਹਾਲਤ, ਹਾਲੋਂ ਬੇਹਾਲ ਹੋ ਜਾਣ ਵਾਲੀ ਹੋ ਜਾਂਦੀ ਹੈ। ਕਈ ਤਾਂ ਮਸਤਾਨੇ ਹੋ ਕੇ ਨੱਚਣ ਵੀ ਲਗ ਪੈਂਦੇ ਹਨ। ਗੀਤ ਵੀ ਜਾਨਦਾਰ, ਤਰਜ਼ ਵੀ ਦਰਦਨਾਕ, ਉੱਪਰੋਂ ਮੇਰੀ ਜਵਾਨੀ ਦੀ ਸੁਰੀਲੀ, 'ਰਸਭਿੰਨੀ ਤੇ ਦਰਦਨਾਕ ਆਵਾਜ਼। ਸੋ ਜਦੋਂ ਮੈਂ ਇਹ ਗੀਤ ਗਾਇਆ ਕੂਕਾਂ ਪਈ ਮਾਰਦੀ ਏ ਕੂਕਿਆਂ ਦੀ ਡਾਰ ਜੀ, ਮਾਹੀ ਬਿਨਾਂ ਕਾਹਦੀ ਏ ਬਸੰਤ ਤੇ ਬਹਾਰ ਜੀ।

ਤਾਂ ਐਸਾ ਸਮਾਂ ਬੱਝ ਗਿਆ, ਕਿ ਹਰ ਪਾਸੇ ਹਾਏ ਹਾਏ, ਰੋਣ ਤੇ ਡੁਸਕਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਕਈ ਮਸਤਾਨੇ ਹੋ ਕੇ ਨੱਚਣ ਲਗ ਪਏ ਕੇਸ ਖੁੱਲ ਗਏ ਤੇ ਸਤਿਗੁਰੂ ਜੀ ਦੀ ਪੈਰੀਂ ਡਿੱਗਣ ਲਗ ਪਏ। ਇਨ੍ਹਾਂ ਵਿਚੋਂ ਇਕ ਸੰਤ ਵਰਿਆਮ ਸਿੰਘ ਚਿੱਤਰਕਾਰ ਵੀ ਸਨ, ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ, ਤੇ ਕੁਝ ਸਾਕਿਆਂ ਦੇ ਚਿੱਤਰ ਵੀ ਪੇਂਟ ਕੀਤੇ ਸਨ। ਅਜੀਬ ਸਮਾਂ ਬੱਝ ਗਿਆ। ਸਤਿਗੁਰੂ ਜੀ ਨੇ ਵਕਤ ਦੀ ਨਜ਼ਾਕਤ ਵੇਖਦੇ ਹੋਏ ਮੈਨੂੰ ਕਿਹਾ ਕਿ ਮੈਂ ਛੇਤੀ ਸਮਾਪਤੀ ਕਰ ਦਿਆਂ, ਨਹੀਂ ਤਾਂ ਬਹੁਤ ਸਾਰੇ ਹੋਰ ਮਸਤਾਨੇ ਹੋ ਕੇ ਕੰਟਰੋਲ ਤੋਂ ਬਾਹਰ ਹੋ ਜਾਣਗੇ। ਇਨ੍ਹਾਂ ਮਸਤਾਨਿਆਂ ਵਿਚ ਕਈ ਇਸਤਰੀਆਂ ਭੀ ਸਨ। ਇਹ ਮੇਰਾ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪਹਿਲਾ ਨੇੜਲਾ ਜ਼ਾਤੀ ਸੰਬੰਧ ਸੀ ।

ਸੰਗਤ ਵਿਚ ਬੈਂਕਾਕ (ਥਾਈਲੈਂਡ) ਤੋਂ ਆਈ ਸੰਗਤ ਦੇ ਕਾਫ਼ੀ ਸਜਣ ਬੈਠੇ ਸਨ। ਉਨ੍ਹਾਂ ਮੈਨੂੰ ਬੜਾ ਪਿਆਰ ਸਤਿਕਾਰ ਤੇ ਪ੍ਰਸੰਸਾ ਦਿੱਤੀ, ਅਤੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਉਹ ਅਗਲੀ ਬੈਂਕਾਕ ਫੇਰੀ ਸਮੇਂ ਮੈਨੂੰ ਆਪਣੇ ਨਾਲ ਲੈ ਆਉਣ। ਇਨ੍ਹਾਂ ਵਿਚ ਮੇਰਾ ਮਿੱਤਰ ਬੈਂਕਾਕ ਨਿਵਾਸੀ ਸ. ਅਮਰਜੀਤ ਸਿੰਘ ਵੀ ਸੀ, ਜੋ ਨਾਮਧਾਰੀ ਤਾਂ ਨਹੀਂ ਸੀ, ਮੇਰੇ ਵਾਂਗ ਹੀ ਰੰਗਦਾਰ ਜਾਂ ਛੀਟ ਵਾਲੀ ਪਗੜੀ ਬੰਨ੍ਹਦਾ ਸੀ, ਪਰ ਨਾਮਧਾਰੀਆਂ ਨਾਲ ਬਹੁਤ ਪਿਆਰ ਅਤੇ ਸ਼ਰਧਾ ਰੱਖਦਾ ਸੀ। ਉਸ ਪਿੱਛੋਂ ਅਗਲੇ ਸਾਲ 1969 ਵਿਚ ਮੈਨੂੰ ਸਤਿਗੁਰੂ ਵੱਲੋਂ ਮਠੱਡਾ ਕਲਾਂ ਦੇ ਮੇਲੇ ਤੇ ਯਾਦ ਕੀਤਾ ਗਿਆ, ਮੈਂ ਉੱਥੇ ਵੀ ਨਾਮਧਾਰੀਆ ਬਾਰੇ ਨਵੇਂ ਗੀਤ ਲਿਖ ਕੇ ਗਾਏ। 1970 ਵਿਚ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਸੰਦੇਸ਼ ਮਿਲਿਆ ਕਿ ਮੈਂ ਆਪਣਾ ਪਾਸਪੋਰਟ ਲੈ ਕੇ ਵਿਦੇਸ਼ ਜਾਣ ਦੀ ਤਿਆਰੀ ਕਰਕੇ, ਉਨ੍ਹਾਂ ਨਾਲ ਥਾਈਲੈਂਡ ਜਾਣ ਲਈ ਦਿੱਲੀ ਪਹੁੰਚ ਜਾਵਾਂ। ਉਦੋਂ ਮੈਂ ਆਕਾਸ਼ਵਾਣੀ ਜਲੰਧਰ ਵਿਚ ਹੀ ਸਾਂ। ਮੈਂ ਬਾਹਰ ਜਾਣ ਵਾਸਤੇ ਆਪਣੇ ਮਹਿਕਮੇ ਤੋਂ ਇਜਾਜ਼ਤ ਲੈਣ ਦੀ ਸਾਰੀ ਕਾਰਵਾਈ ਇਕ ਹਫ਼ਤੇ ਵਿਚ ਮੁਕੰਮਲ ਕਰਵਾ ਕੇ ਦਿੱਲੀ ਆਉਣ ਦੀ ਤਿਆਰੀ ਕਰ ਲਈ। ਮੈਂ ਜਲੰਧਰ ਤੋਂ ਦਿੱਲੀ ਆਉਣ ਲਈ ਫ਼ਰੰਟੀਅਰ ਮੇਲ ਵਿਚ ਸੀਟ ਬੁੱਕ ਕਰਵਾ ਲਈ। ਦੋ ਦਿਨ ਪਹਿਲਾਂ ਲੁਧਿਆਣੇ ਦੇ ਸ੍ਰ. ਗੁਰਦੇਵ ਸਿੰਘ ਲਲਤੋਂ ਮੇਰੇ ਪਾਸ ਆਏ ਤੇ ਕਹਿਣ ਲੱਗੇ ਕਿ ਮੈਂ ਦਿੱਲੀ ਜਾਣ ਤੋਂ ਪਹਿਲਾਂ ਰਾੜਾ

ਸਾਹਿਬ ਵਿਖੇ ਪਰਮ ਪੂਜਯ ਸੰਤ ਈਸ਼ਰ ਸਿੰਘ ਜੀ ਨੂੰ ਮਿਲ ਕੇ ਜਾਵਾਂ। ਤੈਅ ਹੋਇਆ ਕਿ ਮੈਂ ਅਗਲੇ ਦਿਨ ਬਸ ਰਾਹੀਂ ਸ਼ਾਮ ਨੂੰ ਲੁਧਿਆਣੇ ਬਸ ਅੱਡੇ ਤੇ ਪੂਜਾ, ਜਿੱਥੇ ਉਹ ਕਾਰ ਲੈ ਕੇ ਮੈਨੂੰ ਮਿਲਣਗੇ ਤੇ ਰਾੜਾ ਸਾਹਿਬ ਲੈ ਜਾਣਗੇ, ਤੇ ਉੱਥੋਂ ਰਾਤ ਨੂੰ ਫਿਰ ਵਾਪਸ ਲੁਧਿਆਣੇ ਰੇਲਵੇ ਸਟੇਸ਼ਨ ਪੂਚਾ ਦੇਣਗੇ ਅਤੇ ਮੈਂ ਫ਼ਰੰਟੀਅਰ ਮੇਲ ਜਲੰਧਰ ਦੀ ਥਾਂ, ਲੁਧਿਆਣੇ ਤੋਂ ਫੜ ਲਵਾਂਗਾ। ਸੋ ਇਸੇ ਤਰ੍ਹਾਂ ਹੀ ਹੋਇਆ। ਰਾੜਾ ਸਾਹਿਬ ਵਿਖੇ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੇ ਦਰਸ਼ਨ ਕੀਤੇ ਤੇ ਦੱਸਿਆ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਥਾਈਲੈਂਡ ਜਾ ਰਿਹਾ ਹਾਂ। ਸੰਤਾਂ ਨੇ ਆਸ਼ੀਰਵਾਦ ਦਿੱਤੀ, ਵਿਦੇਸ਼ ਯਾਤਰਾ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਤੇ ਇਕ ਥੈਲੀ ਬਦਾਮਾਂ ਦੀਆਂ ਗਿਰੀਆਂ ਦੀ ਦਿੱਤੀ ਤੇ ਕਿਹਾ ਕਿ ਇਹ ਬਦਾਮ ਥੋੜ੍ਹੇ ਥੋੜ੍ਹੇ ਰੋਜ਼ ਖਾ ਲੈਣਾ, ਗਲ਼ਾ ਵੀ ਠੀਕ ਰਹੇਗਾ ਤੇ ਰੋਜ਼ ਨਵੇਂ ਨਵੇਂ ਗੀਤ ਲਿਖ ਕੇ ਸੋਹਣੀ ਸੁਰ ਵਿਚ ਗਾ ਵੀ ਸਕੋਗੇ।

ਦਿੱਲੀ ਪੁੱਜ ਕੇ, ਮੈਂ ਪਾਸਪੋਰਟ ਨਾਮਧਾਰੀ ਦਰਬਾਰ ਦੇ ਇਕ ਪ੍ਰਬੰਧਕ ਦੇ ਹਵਾਲੇ ਕੀਤਾ। ਉਨ੍ਹਾਂ ਵੀਜ਼ਾ ਵੀ ਲਗਵਾ ਦਿੱਤਾ ਤੇ ਸਤਿਗੁਰਾਂ ਦੇ ਨਾਲ ਮੇਰੀ ਹਵਾਈ ਜਹਾਜ਼ ਵਿਚ ਸੀਟ ਵੀ ਬੁੱਕ ਕਰਵਾ ਦਿੱਤੀ।

ਬੈਂਕਾਕ ਪੁੱਜ ਕੇ, ਸਤਿਗੁਰੂ ਜੀ ਦਾ ਉਤਾਰਾ ਸੇਠ ਤ੍ਰਿਲੋਕ ਸਿੰਘ ਜੀ ਦੀ ਕੋਠੀ ਵਿਚ ਹੋਇਆ, ਤੇ ਉੱਥੇ ਹੀ ਮੈਨੂੰ ਨਾਲ ਦੇ ਇਕ ਕਮਰੇ ਵਿਚ ਵੱਖਰਾ ਟਿਕਾਣਾ ਦੇ ਦਿੱਤਾ ਗਿਆ। ਪਹਿਲੇ ਦਿਨ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮੇਰੀ ਜਾਣ ਪਛਾਣ, ਉਸ ਵੇਲੇ ਉੱਥੋਂ ਦੇ ਨਾਮਧਾਰੀ ਗੁਰਦੁਆਰੇ ਦੇ ਸੈਕਟਰੀ ਸ੍ਰ ਸੁਰਿੰਦਰ ਸਿੰਘ ਜੀ ਟਰੈਵਲ ਏਜੰਸੀ ਵਾਲਿਆਂ (ਹੁਣ ਸੁਰਗਵਾਸੀ) ਨੇ ਕਰਵਾ ਕੇ ਮੇਰੇ ਗਲ ਵਿਚ ਮਾਲਾ ਪਹਿਨਾਈ।

ਸਤਿਗੁਰੂ ਜੀ ਸਵੇਰੇ ਤਿੰਨ ਵਜੇ ਉੱਠ ਕੇ ਕੇਸੀਂ ਇਸ਼ਨਾਨ ਕਰਕੇ ਧਰਮਸ਼ਾਲਾ ਲਈ ਚੱਲ ਪੈਂਦੇ ਸਨ, ਆਦਤ ਨਾ ਹੋਣ ਦੇ ਬਾਵਜੂਦ ਮੈਂ ਵੀ ਤਿੰਨ ਵਜੇ ਉੱਠ ਕੇ ਇਸ਼ਨਾਨ ਕਰਕੇ (ਕੇਸੀਂ ਨਹੀਂ) ਉਨ੍ਹਾਂ ਵਾਂਗ ਹੀ ਧਰਮਸ਼ਾਲਾ ਪੁੱਜ ਜਾਂਦਾ ਸਾਂ। ਸਤਿਗੁਰੂ ਜੀ ਆਪਣੇ ਆਸਣ ਦੇ ਐਨ ਸਾਹਮਣੇ ਮੈਨੂੰ ਬਿਠਾਉਂਦੇ ਸਨ। ਆਸਾ ਦੀ ਵਾਰ ਦੀ ਸਮਾਪਤੀ ਪਿੱਛੋਂ ਮੈਨੂੰ ਦੋ ਗੀਤ ਸੁਣਾਉਣ ਲਈ ਕਿਹਾ ਜਾਂਦਾ ਸੀ। ਮੈਂ ਨਾਮਧਾਰੀ ਇਤਿਹਾਸ, ਸ਼ਹੀਦਾਂ, ਨਾਮਿਲਵਰਤਨ ਲਹਿਰ ਸਤਿਗੁਰੂ ਰਾਮ ਸਿੰਘ ਜੀ, ਨਾਮਧਾਰੀ ਦਰਬਾਰ, ਨਾਮਧਾਰੀਆਂ ਦੀ ਵਿਸ਼ੇਸ਼ਤਾ ਆਦਿ ਬਾਰੇ ਗੀਤ ਪੜ੍ਹਦਾ ਸਾਂ, ਜੋ ਬਹੁਤ ਪਸੰਦ ਕੀਤੇ ਜਾਂਦੇ ਸਨ।

ਪਰ ਮੈਨੂੰ ਇਕ ਔਕੜ ਪੇਸ਼ ਆ ਰਹੀ ਸੀ। ਮੈਂ ਸਵੇਰੇ ਸਵੇਰੇ ਚਾਹ ਦੀ ਪਿਆਲੀ ਪੀਣ ਦਾ ਆਦੀ ਸੀ, ਜਿਸ ਨੂੰ ਬੈੱਡ-ਟੀ ਕਹਿੰਦੇ ਹਨ। ਸਤਿਗੁਰੂ ਜੀ ਤੇ ਹੋਰ ਸਾਰਾ ਜਥਾ, ਸਵੇਰ ਦੇ ਦੀਵਾਨ ਦੀ ਸਮਾਪਤੀ ਪਿੱਛੋਂ ਹੀ ਸਤ ਵਜੇ ਦੇ ਕਰੀਬ ਜਲ-ਪਾਣੀ ਛਕਦੇ ਸਨ। ਵੈਸੇ ਨਾਮਧਾਰੀਆਂ ਵਿਚ ਚਾਹ ਪੀਣ ਪਿਲਾਉਣ ਦਾ ਰਿਵਾਜ ਵੀ ਨਹੀਂ, ਉਹ ਚਾਹਟਾ ਹੀ ਛਕਦੇ ਹਨ, ਜਿਸ ਵਿਚ ਦੇਸੀ ਆਯੁਰਵੈਦਿਕ ਜੜ੍ਹੀਂ ਬੂਟੀਆਂ ਪੈਂਦੀਆਂ ਹਨ। ਦੋ ਦਿਨ ਹੀ ਹੋਏ ਸਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਪੁੱਛਣ ਲੱਗੇ, "ਕਿ ਰਤਨ ਜੀ, ਕੋਈ ਤਕਲੀਫ਼ ਤਾਂ ਨਹੀਂ ?" ਮੈਂ ਕਿਹਾ "ਜੀ ਝੂਠ ਕਿਉਂ ਬੋਲਾਂ, ਤਕਲੀਫ਼ ਤਾਂ ਹੈ, ਕਿ ਮੈਨੂੰ ਸਵੇਰੇ ਚਾਹ ਦੀ ਪਿਆਲੀ ਨਹੀਂ ਮਿਲਦੀ। ਜੇ ਮਿਲ ਜਾਵੇ ਤਾਂ ਹੋਰ ਵੀ ਚੰਗਾ ਗਾ ਸਕਦਾ ਹਾਂ।" ਸਤਿਗੁਰੂ ਜੀ ਕਹਿਣ ਲੱਗੇ, ਲਓ ਇਹ ਤਕਲੀਫ਼ ਤੁਹਾਡੀ ਦੂਰ ਕਰ ਦੇਂਦੇ ਹਾਂ। ਉਨ੍ਹਾਂ ਨੇ ਆਪਣੇ ਨਿੱਜੀ ਲਾਂਗਰੀ ਗੁਲਜ਼ਾਰ ਸਿੰਘ ਨੂੰ ਕਿਹਾ, ਕਿ ਉਹ ਗੁਰਦੁਆਰੇ ਦੇ ਕਿਚਨ ਵਿਚ ਮੇਰੇ ਲਈ ਚਾਹ ਤਿਆਰ ਕਰਕੇ, ਮੈਨੂੰ ਇਸ਼ਾਰਾ ਕਰਕੇ ਬਾਹਰ ਬੁਲਾ ਲਿਆ ਕਰੋ। ਸੋ ਦੂਸਰੇ ਦਿਨ ਤੋਂ ਇਸ ਤਰ੍ਹਾਂ ਹੀ ਹੋਣ ਲਗਾ। ਸਤਿਗੁਰੂ ਜੀ ਦੇ ਆਸਣ ਦੇ ਐਨ ਪਿੱਛੇ ਇਕ ਖਿੜਕੀ ਸੀ, ਜੋ ਖੁੱਲ੍ਹੀ ਰਹਿੰਦੀ ਸੀ। ਮੈਂ ਸਤਿਗੁਰੂ ਜੀ ਦੇ ਐਨ ਸਾਹਮਣੇ ਬੈਠਦਾ ਸਾਂ। ਗੁਲਜ਼ਾਰ ਸਿੰਘ ਚਾਹ ਤਿਆਰ ਕਰਕੇ ਉਸ ਖਿੜਕੀ ਪਾਸ ਆ ਕੇ ਮੈਨੂੰ ਇਸ਼ਾਰਾ ਕਰ ਦੇਂਦਾ ਸੀ ਤੇ ਮੈਂ ਉੱਠ ਕੇ ਬਾਹਰ ਚਲਾ ਜਾਂਦਾ ਸਾਂ। ਪੰਦਰਾਂ ਮਿੰਟਾਂ ਬਾਅਦ ਚਾਹ ਪੀ ਕੇ, ਤਿਆਰ ਬਰ ਤਿਆਰ, ਚੁਸਤ ਹੋ ਕੇ, ਵਾਪਸ ਆ ਕੇ ਆਪਣੀ ਥਾਂ ਤੇ ਬੈਠ ਜਾਂਦਾ। ਸਤਿਗੁਰੂ ਜੀ ਸਮਝ ਜਾਂਦੇ ਸਨ ਕਿ ਮੈਂ ਚਾਹ ਪੀਣ ਲਈ ਉੱਠ ਕੇ ਗਿਆ ਹਾਂ ਤੇ ਪੀ ਕੇ ਵਾਪਸ ਆ ਗਿਆ ਹਾਂ। ਕਦੇ ਕਦੇ ਉਹ ਮੇਰੇ ਵਲ ਤਕ ਕੇ, ਇਸ ਗਲ ਤੇ ਮੁਸਕਰਾ ਵੀ ਪੈਂਦੇ ਤੇ ਮੈਂ ਵੀ ਅੱਗੋਂ ਸਿਰ ਨਿਵਾ ਕੇ ਮੁਸਕਰਾ ਪੈਂਦਾ, ਕਿਉਂਕਿ ਇਹ ਮੇਰੇ ਤੇ ਉਨ੍ਹਾਂ ਵਿਚਕਾਰ ਇਕ ਸਾਂਝਾ ਭੇਦ ਸੀ।

ਮੈਂ ਦੋ ਗੀਤ ਸਵੇਰੇ ਦੇ ਦੀਵਾਨ ਵਿਚ ਤੇ ਇਕ ਗੀਤ ਸ਼ਾਮ ਦੇ ਦੀਵਾਨ ਵਿਚ ਸੁਣਾਉਂਦਾ ਸਾਂ। ਨਾਮਧਾਰੀਆਂ ਸੰਬੰਧੀ ਜੋ ਪੰਦਰਾਂ ਵੀਹ ਗੀਤ ਲਿਖ ਕੇ ਮੈਂ ਨਾਲ ਲੈ ਗਿਆ ਸਾਂ। ਉਹ ਤਾਂ ਇਕ ਹਫ਼ਤੇ ਵਿਚ ਹੀ ਖ਼ਤਮ ਹੋ

ਗਏ। ਫਿਰ ਮੈਂ ਇਸ ਤਰ੍ਹਾਂ ਕੀਤਾ, ਕਿ ਸਾਰਾ ਦਿਨ ਆਪਣੇ ਕਮਰੇ ਦੀ ਇਕਾਂਤ ਵਿਚ ਬੈਠ ਕੇ ਦੋ ਗੀਤ ਲਿਖਦਾ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਇਕ ਗੀਤ ਲਿਖ ਕੇ ਸੌਂਦਾ। ਇਨ੍ਹਾਂ ਗੀਤਾਂ ਦੀਆਂ ਤਰਜ਼ਾਂ ਵੀ ਬਣਾਈਆਂ ਹੁੰਦੀਆਂ ਸਨ। ਕੁਝ ਨਵੀਆਂ ਬਣਾਉਂਦਾ ਤੇ ਕੁਝ ਪੁਰਾਣੇ ਲੋਕ ਗੀਤਾਂ ਦੀਆਂ ਧਾਰਨਾਵਾਂ ਉੱਤੇ ਜੋੜਦਾ। ਇਸ ਤਰ੍ਹਾਂ ਤਿੰਨ ਹਫ਼ਤੇ ਲੰਘ ਗਏ। ਇਕ ਦਿਨ ਮੈਂ ਭਾਈ ਵੀਰ ਸਿੰਘ ਜੀ ਦਾ ਇਕ ਗੀਤ "ਤੂੰ ਗੁਰਦੇਵ ਹਮਾਰਾ" ਪੜ੍ਹਨ ਲਗਾ ਤੇ ਪਹਿਲਾਂ ਦਸ ਦਿੱਤਾ ਕਿ ਇਹ ਗੀਤ ਭਾਈ ਵੀਰ ਸਿੰਘ ਜੀ ਦਾ ਹੈ ਤਾਂ ਸਤਿਗੁਰੂ ਜੀ ਬੋਲ ਪਏ 'ਸਾਡੇ ਲਈ ਤੁਸੀਂ ਹੀ ਭਾਈ ਵੀਰ ਸਿੰਘ ਹੈ, ਤੁਸੀਂ ਆਪਣਾ ਗੀਤ ਹੀ ਸੁਣਾਓ। (ਵੈਸੇ ਮੈਂ ਭਾਈ ਵੀਰ ਸਿੰਘ ਜੀ ਦੀ ਚਰਨ ਧੂੜ ਵਰਗਾ ਵੀ ਨਹੀਂ) ਮੈਂ ਆਪਣਾ ਗੀਤ ਸੁਣਾਇਆ।

ਇਕ ਦਿਨ ਮੈਂ ਬੇਨਤੀ ਕੀਤੀ ਕਿ ਮੈਂ ਦਿਨ ਰਾਤ ਆਪਣੇ ਕਮਰੇ ਵਿਚ ਨਵੇਂ ਗੀਤ ਲਿਖਣ ਲਈ ਕੈਦ ਰਹਿੰਦਾ ਹਾਂ। ਕੋਈ ਥਾਂ ਫਿਰ ਟੁਰ ਕੇ ਨਹੀਂ ਵੇਖੀ, ਇਸ ਲਈ ਮੈਂ ਹੁਣ ਸੈਰ ਕਰਨਾ ਚਾਹੁੰਦਾ ਹਾਂ। ਸਤਿਗੁਰੂ ਜੀ ਬੋਲੇ ਰਤਨ ਜੀ, ਤੁਸੀਂ ਕਿਥੇ ਕਿਥੇ ਜਾਣਾ ਚਾਹੁੰਦੇ ਹੋ ? ਮੈਂ ਕਿਹਾ ਕਿ ਸਿੰਗਾਪੁਰ ਵੀ ਜਾਣਾ ਚਾਹੁੰਦਾ ਹਾਂ। ਉਨ੍ਹਾਂ ਉਸੇ ਵੇਲੇ ਸੰਤ ਸੁਰਿੰਦਰ ਸਿੰਘ ਨੂੰ ਬੁਲਾ ਕੇ ਕਹਿ ਦਿੱਤਾ ਕਿ ਰਤਨ ਜੀ ਨੂੰ ਸਿੰਗਾਪੁਰ ਦੀ ਆਉਣ ਜਾਣ ਦੀ ਹਵਾਈ ਟਿਕਟ ਲੈ ਦਿਓ। ਇਸ ਤਰ੍ਹਾਂ ਮੈਂ ਸਿੰਗਾਪੁਰ ਤਿੰਨ ਦਿਨ ਲਗਾ ਕੇ ਵਾਪਸ ਬੈਂਕਾਕ ਆ ਗਿਆ।

ਇਕ ਦਿਨ ਮੈਂ ਸਤਿਗੁਰੂ ਜੀ ਨਾਲ ਬੈਂਕਾਕ ਦੇ ਪ੍ਰਸਿੱਧ ਮੰਦਰ ਵੇਖਣ ਗਿਆ। ਫਿਰ ਉਨ੍ਹਾਂ ਦੇ ਨਾਲ ਰੇਲ ਰਾਹੀਂ ਇਕ ਹੋਰ ਸ਼ਹਿਰ ਚਿੰਗਮਈ ਵੀ ਗਏ ਤੇ ਉੱਥੋਂ 14-15 ਕਿੱਲੋਮੀਟਰ ਦੂਰ ਪਹਾੜੀ ਦੀ ਚੋਟੀ ਤੇ ਬਣੇ ਇਕ ਮੰਦਰ ਨੂੰ ਵੇਖਣ ਵੀ ਗਏ। ਇਸ ਸਮੇਂ ਦੀ ਮੇਰੀ ਇਕ ਤਸਵੀਰ ਵੀ ਸਤਿਗੁਰੂ ਨਾਲ ਹੈ, ਜਿਸ ਵਿਚ ਮੈਂ ਬੰਦ ਗਲੇ ਵਾਲਾ ਕਾਲਾ ਸੂਟ ਪਹਿਨਿਆ ਹੋਇਆ ਹੈ। ਮਹਾਰਾਜ ਬੀਰ ਸਿੰਘ ਜੀ ਵੀ ਨਾਲ ਹਨ, ਸਾਰੇ ਚਿੱਟੇ ਕੱਪੜਿਆਂ ਵਾਲਿਆਂ ਵਿਚ ਕੇਵਲ ਮੈਂ ਹੀ ਕਾਲੇ ਸੂਟ ਵਾਲਾ ਹਾਂ। ਹਾਂ ਮੈਂ ਪਗ ਜ਼ਰੂਰ ਚਿੱਟੀ ਬੰਨ੍ਹੀ ਹੋਈ ਹੈ। ਉਹ ਵੀ ਇਸ ਤਰ੍ਹਾਂ ਕਿ ਗੁਰਦੁਆਰੇ ਵਿਚ ਸਾਰੀ ਸੰਗਤ, ਮਰਦ ਇਸਤਰੀਆਂ, ਚਿੱਟੇ ਕੱਪੜਿਆਂ ਵਿਚ ਹੁੰਦੇ ਸਨ। ਅੰਮ੍ਰਿਤ ਵੇਲੇ ਇਉਂ ਲਗਦਾ ਸੀ, ਜਿਵੇਂ ਦੇਵੀ ਦੇਵਤੇ ਧਰਤੀ ਤੇ ਉਤਰ ਆਏ ਹੋਣ। ਮੈਂ ਉਦੋਂ ਰੰਗਦਾਰ, ਤੋਂ ਵਧੇਰੇ ਕਰਕੇ ਛੂਟ ਵਾਲੀਆਂ ਪ੍ਰਿੰਟਿਡ ਪਗਾਂ ਬੰਨ੍ਹਦਾ ਸਾਂ। ਮੈਂ ਮਹਿਸੂਸ ਕੀਤਾ, ਕਿ ਮੈਂ ਦਾਹੜੀ ਬੰਨ੍ਹਦਾ ਵੀ ਹਾਂ, ਰੰਗਦਾ ਵੀ ਹਾਂ ਤੇ ਪਗ ਵੀ ਰੰਗਦਾਰ ਬੰਨ੍ਹਦਾ ਹਾਂ। ਇਸ ਸਾਰੀ ਸੰਗਤ ਵਿਚ ਕੇਵਲ ਮੈਂ ਹੀ ਰੰਗਦਾਰ ਪਗ ਵਾਲਾ ਹਾਂ, ਜੋ ਜ਼ਰੂਰ ਓਪਰਾ ਲਗਦਾ ਹੋਵਾਂਗਾ। ਭਾਵੇਂ ਮੈਨੂੰ ਕਿਸੇ ਕਿਹਾ ਨਹੀਂ, ਪਰ ਮੈਂ ਮਨ ਬਣਾਇਆ ਕਿ ਜਿੰਨੇ ਦਿਨ ਥਾਈਲੈਂਡ ਵਿਚ ਸਤਿਗੁਰੂ ਦੇ ਨਾਲ ਹਾਂ, ਪਗ ਜ਼ਰੂਰ ਚਿੱਟੀ ਬੰਨ੍ਹਾਂਗਾ।

ਇਕ ਦਿਨ ਸਤਿਗੁਰੂ ਜੀ ਮੈਨੂੰ ਬੁਲਾ ਕੇ ਕਹਿਣ ਲੱਗੇ, 'ਰਤਨ ਜੀ, ਹਾਂਗਕਾਂਗ ਵੇਖਣਾ ਚਾਹੁੰਦੇ ਹੋ ?" ਮੈਂ ਕਿਹਾ "ਸਿੰਗਾਪੁਰ ਤਾਂ ਤੁਹਾਡੀ ਕਿਰਪਾ ਨਾਲ ਵੇਖ ਹੀ ਲਿਆ- ਹੈ, ਤੁਹਾਡੀ ਖ਼ੁਸ਼ੀ ਹੈ ਤਾਂ ਹਾਂਗਕਾਂਗ ਵੀ ਦਿਖਾ ਦਿਓ" ਉਹ ਕਹਿਣ ਲੱਗੇ "ਮੈਂ ਵੀ ਉੱਥੇ ਜਾ ਰਿਹਾ ਹਾਂ, ਤੁਸੀਂ ਵੀ ਤਿਆਰ ਹੋ ਜਾਓ" ਸੋ ਅਸੀਂ ਹਾਂਗਕਾਂਗ ਵੀ ਗਏ ਤੇ ਹਫ਼ਤਾ ਭਰ ਉੱਥੇ ਠਹਿਰੇ।

ਬੈਂਕਾਕ ਵਿਚ ਉਨ੍ਹਾਂ ਇਕ ਦਿਨ ਪਥੀਆ ਬੀਚ ਸਮੁੰਦਰ ਦੇ ਕਿਨਾਰੇ ਜਾਣ ਦਾ ਪ੍ਰੋਗਰਾਮ ਬਣਾਇਆ। ਉੱਥੇ ਅਸੀਂ ਸਮੁੰਦਰ ਵਿਚ ਨਹਾਏ। ਉੱਥੇ ਤੈਰਨ ਲਈ ਮੋਟਰਾਂ ਦੀਆਂ ਹਵਾ ਭਰੀਆਂ ਟਿਊਬਾਂ ਵੀ ਸਨ। ਉਸ ਵੇਲੇ ਦੀ ਇਕ ਤਸਵੀਰ ਮੇਰੇ ਪਾਸ ਹੈ, ਸਤਿਗੁਰੂ ਜੀ ਟਿਊਬ ਵਿਚ ਬੈਠੇ ਹਨ । ਟਿਊਬ ਇਕ ਪਾਸਿਉਂ ਮੈਂ ਪਕੜੀ ਹੋਈ ਹੈ। ਇਕ ਪਾਸਿਉਂ ਸੁਰਿੰਦਰ ਸਿੰਘ ਤੇ ਗੁਲਜ਼ਾਰ ਸਿੰਘ ਨੇ ਫੜੀ ਹੋਈ ਹੈ, ਤੇ ਠਾਕਰ ਉਦੈ ਸਿੰਘ ਵੀ ਨਾਲ ਹਨ।

ਇਸ ਤਰ੍ਹਾਂ ਡੇਢ ਮਹੀਨਾ ਲੰਘ ਗਿਆ ਤੇ ਸਤਿਗੁਰੂ ਜੀ ਨੇ ਵਾਪਸ ਇੰਡੀਆ ਆਉਣ ਦਾ ਪ੍ਰੋਗਰਾਮ ਬਣਾ ਲਿਆ। ਮੈਂ ਕਿਹਾ, ਮੈਂ ਹਫ਼ਤਾ ਦਸ ਦਿਨ ਹੋਰ ਰਹਿ ਕੇ ਥਾਈਲੈਂਡ ਨੂੰ ਚੰਗੀ ਤਰ੍ਹਾਂ ਵੇਖਣਾ ਚਾਹੁੰਦਾ ਹਾਂ, ਕਿਉਂਕਿ ਮੈਂ ਸਫ਼ਰਨਾਮਾ ਲਿਖਣਾ ਚਾਹੁੰਦਾ ਹਾਂ, ਤੇ ਇੱਥੋਂ ਦੇ ਇਤਿਹਾਸ, ਤਹਿਜ਼ੀਬ, ਵੇਖਣ ਯੋਗ ਥਾਵਾਂ ਤੇ ਰਸਮ ਰਿਵਾਜ ਬਾਰੇ ਨੋਟ ਲੈਣਾ ਚਾਹੁੰਦਾ ਹਾਂ। ਸੋ ਸਤਿਗੁਰੂ ਜੀ, ਮੈਨੂੰ ਸੰਤ ਸੁਰਿੰਦਰ ਸਿੰਘ ਜੀ ਦੇ ਹਵਾਲੇ ਕਰਕੇ ਆ ਗਏ। ਦਸ ਦਿਨਾਂ ਬਾਅਦ ਮੈਂ ਵੀ ਆ ਗਿਆ।

ਦੂਜੀ ਵਾਰੀ ਮੈਂ ਫਿਰ ਉਨ੍ਹਾਂ ਦੇ ਨਾਲ 1972 ਵਿਚ ਗਿਆ ਜਦੋਂ ਬੈਂਕਾਕ ਵਿਚ ਸੇਠ ਪਿਆਰਾ ਸਿੰਘ ਜੀ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਦੀ ਸ਼ਤਾਬਦੀ ਦੇ ਸਬੰਧ ਵਿਚ ਮੇਲਾ ਕੀਤਾ ਗਿਆ ਸੀ। ਇਸ ਵਾਰ

ਮੇਰੇ ਨਾਲ ਰਾਜ ਕਵੀ ਸੁਰਗਵਾਸੀ ਸ੍ਰ. ਇੰਦਰਜੀਤ ਸਿੰਘ ਤੁਲਸੀ ਭੀ ਸਨ।

ਇਕ ਵਾਰ ਮੈਂ ਅਮਰੀਕਾ ਗਿਆ ਹੋਇਆ ਸਾਂ ਅਤੇ ਸ਼ਿਕਾਰੀ ਦੇ ਨਜ਼ਦੀਕ ਮਿਲਵਾਕੀ ਵਿਚ ਆਪਣੇ ਮਿੱਤਰ ਸ. ਦਰਸ਼ਨ ਸਿੰਘ ਧਾਲੀਵਾਲ ਪਾਸ ਠਹਿਰਿਆ ਹੋਇਆ ਸਾਂ। ਸ੍ਰ ਸਵਰਨ ਸਿੰਘ ਨਾਮਧਾਰੀ ਜੋ ਸ਼ਿਕਾਗੋ ਵਿਚ ਹੰਸਪਾਲ ਜੀ ਦੀ ਭੈਣ ਰਛਪਾਲ ਕੌਰ ਤੇ ਉਸ ਦੇ ਪਤੀ ਗੁਰਮੀਤ ਸਿੰਘ ਵਿਰਦੀ ਪਾਸ ਰਹਿੰਦੇ ਸਨ, ਨੇ ਮੈਨੂੰ ਫ਼ੋਨ ਕੀਤਾ, ਕਿ ਸਤਿਗੁਰੂ ਜਗਜੀਤ ਸਿੰਘ ਜੀ ਕੱਲ੍ਹ ਫਲਾਣੀ ਫਲਾਈਟ ਤੇ ਸ਼ਿਕਾਗੋ ਪੁੱਜ ਰਹੇ ਹਨ ਤੇ ਸ਼ਾਇਦ ਇਕ ਜਾਂ ਦੋ ਦਿਨ ਰਹਿਣਗੇ। ਮੈਂ ਉਸ ਦਿਨ, ਫਲਾਈਟ ਦੇ ਸਮੇਂ, ਸ਼ਿਕਾਰੀ ਹਵਾਈ ਅੱਡੇ ਤੇ ਪਹੁੰਚ ਗਿਆ। ਜਦੋਂ ਸਤਿਗੁਰੂ ਜੀ ਜਹਾਜ਼ ਤੋਂ ਉਤਰ ਕੇ ਆਏ ਤਾਂ ਸਭ ਤੋਂ ਅੱਗੇ ਮੈਂ ਹੀ ਖੜ੍ਹਾ ਸਾਂ। ਉਹ ਵੇਖ ਕੇ ਹੈਰਾਨ ਹੋ ਗਏ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਮੈਂ ਅਮਰੀਕਾ ਆਇਆ ਹੋਇਆ ਹਾਂ, ਤੇ ਉਹ ਇਹ ਬਿਲਕੁਲ ਆਸ ਨਹੀਂ ਸਨ ਕਰਦੇ ਕਿ ਮੈਂ ਅਚਨਚੇਤ ਉਨ੍ਹਾਂ ਦੇ ਸੁਆਗਤ ਲਈ ਸ਼ਿਕਾਰੀ ਹਵਾਈ ਅੱਡੇ ਤੇ ਖੜ੍ਹਾ ਹੋਵਾਂਗਾ। ਉਨ੍ਹਾਂ ਬਾਹਵਾਂ ਫੈਲਾ ਕੇ ਹੱਥ ਉੱਚੇ ਕਰਕੇ ਹੈਰਾਨੀ ਨਾਲ ਪੁੱਛਿਆ, ”ਤੁਸੀਂ ਕਿਥੇ ?” ਮੈਂ ਨਮਸਕਾਰ ਕਰਕੇ ਉਤਰ ਦਿੱਤਾ, ’ਜਿੱਥੇ ਤੁਸੀਂ” ਉਹ ਹੱਸ ਪਏ। ਮੈਂ ਕਿਹਾ ”ਵੇਖ ਲਓ, ਮੈਂ ਤੁਹਾਡੇ ਸੁਆਗਤ ਲਈ ਕਿਥੇ ਪਹੁੰਚ ਗਿਆ ਹਾਂ।”

ਇਕ ਵਾਰ ਵਿਸਾਖੀ ਦਾ ਪ੍ਰੋਗਰਾਮ ਅੰਮ੍ਰਿਤਸਰ ਮਨਾਇਆ ਜਾ ਰਿਹਾ ਸੀ। ਮੈਂ ਸਰਕਾਰੀ ਕੰਮ ਦੇ ਸਿਲਸਿਲੇ ਵਿਚ ਉੱਥੇ ਗਿਆ ਹੋਇਆ ਸਾਂ। ਮੈਂ ਵੀ ਸਤਿਗੁਰਾਂ ਦੇ ਦਰਸ਼ਨ ਕਰਨ ਜਾ ਪੁੱਜਾ। ਦੀਵਾਨ ਅਸਥਾਨ ਤੇ ਪੁੱਜਦਿਆਂ ਹੀ ਮੈਨੂੰ ਬਾਹਰ ਹੀ ਸੰਤ ਖ਼ਜ਼ਾਨ ਸਿੰਘ ਰਾਗੀ ਮਿਲ ਗਏ। ਮੈਂ ਨੀਲਾ ਸੂਟ ਪਾਇਆ ਹੋਇਆ ਸੀ। ਉਹ ਕਹਿਣ ਲੱਗੇ, ”ਰਤਨ ਜੀ ਰੂਸੀ ਸਤਿਗੁਰਾਂ ਦੇ ਕਾਫ਼ੀ ਨੇੜੇ ਹੋ, ਉਨ੍ਹਾਂ ਤਾਂ ਤੁਹਾਨੂੰ ਕਦੇ ਕਿਹਾ ਨਹੀਂ, ਪਰ ਮੈਂ ਤੁਹਾਨੂੰ ਦੱਸਦਾ ਹਾਂ, ਕਿ ਉਹ ਕਾਲੇ ਤੇ ਨੀਲੇ ਰੰਗ ਨੂੰ ਪਸੰਦ ਨਹੀਂ ਕਰਦੇ।” ਮੈਂ ਕਿਹਾ, ਖ਼ਜ਼ਾਨ ਸਿੰਘ ਜੀ, ਤੁਸੀਂ ਇਤਨੇ ਸਾਲਾਂ ਤੋਂ ਮੈਨੂੰ ਉਨ੍ਹਾਂ ਨਾਲ ਵੇਖ ਰਹੇ ਹੋ। ਦੋਵੇਂ ਵਾਰੀ ਥਾਈਲੈਂਡ ਵੀ ਤੁਸੀਂ ਨਾਲ ਸੀ, ਤੁਸਾਂ ਮੈਨੂੰ ਪਹਿਲੋਂ ਕਿਉਂ ਨਹੀਂ ਦੱਸਿਆ ?” ਮੈਂ ਉਸ ਵੇਲੇ ਵਾਪਸ ਆਪਣੇ ਡੇਰੇ ਪਰਤ ਗਿਆ ਤੇ ਸੂਟ ਬਦਲ ਕੇ ਆਇਆ। ਇਹ ਗਲ ਮੈਂ ਸਤਿਗੁਰੂ ਜੀ ਨੂੰ ਵੀ ਦਸੀ। ਕਹਿਣ ਲੱਗੇ, ”ਤੁਸੀਂ ਕਵੀ ਹੋ, ਅਸੀਂ ਤੁਹਾਨੂੰ ਕਿਸੇ ਗੱਲੋਂ ਵੀ ਟੋਕ ਨਹੀਂ ਸਕਦੇ

ਮੇਰੀ ਪੁਸਤਕ “ਪੂਰਬ ਦੇ ਰੰਗ” ਛਪੀ। ਉਹ ਮੇਰੀ ਥਾਈਲੈਂਡ, ਸਿੰਗਾਪੁਰ, ਮਲੇਸ਼ੀਆ ਤੇ ਹਾਂਗਕਾਂਗ ਦੀ ਯਾਤਰਾ ਦਾ ਸਫ਼ਰਨਾਮਾ ਸੀ। ਪ੍ਰੈੱਸ ਵਾਲੇ ਨੇ ਟਾਈਟਲ ਕਵਰ ਨੀਲੇ ਰੰਗ ਵਿਚ ਛਾਪ ਦਿੱਤਾ। ਜਦੋਂ ਮੈਂ ਪੁਸਤਕ ਸਤਿਗੁਰੂ ਜੀ ਨੂੰ ਭੇਟ ਕੀਤੀ, ਤਾਂ ਉਹ ਵੇਖਦੇ ਸਾਰ ਕਹਿਣ ਲੱਗੇ, “ਰਤਨ ਜੀ ਤੁਹਾਨੂੰ ਟਾਈਟਲ ਲਈ ਕੋਈ ਹੋਰ ਰੰਗ ਨਹੀਂ ਲਭਾ ?” ਮੈਂ ਸਮਝ ਗਿਆ, ਮੈਂ ਟਾਈਟਲ ਉਤਾਰ ਦਿੱਤਾ। ਥੱਲੇ ਗੱਤੇ ਦੀ ਜਿਲਦ ਉੱਤੇ ਉਹੀ ਟਾਈਟਲ ਵਾਲਾ ਸਾਰਾ ਮੈਟਰ ਹਲਕੇ ਕੇਸਰੀ ਰੰਗ ਵਿਚ ਛਪਿਆ ਹੋਇਆ ਸੀ। ਮੈਂ ਕਿਹਾ ’ਲਓ ਜੀ ਤੁਹਾਡੇ ਕਹਿੰਦਿਆਂ ਸਾਰ ਰੰਗ ਬਦਲ ਗਿਆ। ਤੁਹਾਨੂੰ ਮਿਲ ਕੇ ਤਾਂ ਆਤਮਾ ਦਾ ਰੰਗ ਬਦਲ ਜਾਂਦਾ ਹੈ, ਇਹ ਤਾਂ ਕਿਤਾਬ ਹੈ।” ਉਹ ਬਹੁਤ ਪ੍ਰਸੰਨ ਹੋਏ ਤੇ ਹੱਸ ਪਏ

ਇਕ ਵਾਰੀ ਮੈਂ ਮਿਲਣ ਗਿਆ ਤਾਂ ਕਹਿਣ ਲੱਗੇ, ’ਰਤਨ ਜੀ, ਸੁਣਿਆ ਹੈ ਤੁਸੀਂ ਇਕ ਪੁਸਤਕ ਰਵਿਦਾਸ ਜੀ ਬਾਰੇ ਲਿਖੀ ਹੈ, ਤੇ ਉਸ ਦਾ ਨਾਮ “ਗੁਰੂ ਰਵੀਦਾਸ ਮਹਾਨ” ਰੱਖਿਆ ਹੈ, ਉਹ ਮੈਂ ਪੜ੍ਹਨਾ ਚਾਹੁੰਦਾ ਹਾਂ।” ਮੈਂ ਕਿਹਾ, “ਇਹ ਪੁਸਤਕ ਮੈਂ ਬੜੀ ਮਿਹਨਤ ਨਾਲ ਲਿਖੀ ਹੈ, ਇਸ ਵਿਚ ਮੈਂ ਰਵਿਦਾਸ ਜੀ ਦਾ ਜੀਵਨ ਵੀ ਕਵਿਤਾ ਵਿਚ ਲਿਖਿਆ ਹੈ।” ਪਰ ਇਸ ਤੋਂ ਬਹੁਤ ਵੱਡੀ ਗਲ ਇਹ ਹੈ ਕਿ ਉਨ੍ਹਾਂ ਦੀ ਬਾਣੀ ਦੇ ਜਿਹੜੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਹਨ, ਉਨ੍ਹਾਂ ਦਾ ਟੀਕਾ ਵੀ ਮੈਂ ਕਵਿਤਾ ਵਿਚ ਕੀਤਾ ਹੈ, ਜੋ ਬਹੁਤ ਮੁਸ਼ਕਿਲ ਕੰਮ ਹੈ, ਇਸ ਵਿਚ ਮੈਂ ਕਵਿਤਾ ਦੇ ਵੱਖ ਵੱਖ ਛੰਦ ਬੈਂਤ, ਕਬਿੱਤ, ਦੋਹਰਾ, ਚੌਪਈ ਆਦਿ ਵਰਤੇ ਹਨ।” ਉਹ ਕਹਿਣ ਲੱਗੇ * ਇਨ੍ਹਾਂ ਗੱਲਾਂ ਦਾ ਪਤਾ ਤਾਂ ਪੜ੍ਹ ਕੇ ਹੀ ਲੱਗੇਗਾ, ਪਰ ਜੋ ਆਪ ਨੇ ਪੁਸਤਕ ਦਾ ਨਾਮ ‘ਗੁਰੂ ਰਵਿਦਾਸ ਮਹਾਨ’ ਰੱਖਿਆ ਹੈ, ਇਹ ਮੈਨੂੰ ਬਹੁਤ ਪਸੰਦ ਹੈ, ਬਹੁਤੇ ਸਿੱਖ ਰਵਿਦਾਸ ਨੂੰ ਭਗਤ ਕਹਿੰਦੇ ਹਨ, ਗੁਰੂ ਨਹੀਂ ਕਹਿੰਦੇ।” ਮੈਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਭਗਤ ਹੀ ਕਿਹਾ ਹੈ ਤੇ ਭਾਈ ਗੁਰਦਾਸ ਨੇ ਵੀ ਉਨ੍ਹਾਂ ਨੂੰ ਭਗਤ ਹੀ ਲਿਖਿਆ ਹੈ। ਉਹ ਗੁਰੂ ਸਾਹਿਬ ਲਈ ਤਾਂ ਭਗਤ ਹੀ ਸਨ, ਗੁਰੂ ਨਹੀਂ, ਪਰ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਆ ਜਾਣ ਕਰਕੇ ਉਹ ਸਾਡੇ ਲਈ ਗੁਰੂ ਸਮਾਨ ਹੀ ਹੋ ਗਏ ਹਨ। ਉਨ੍ਹਾਂ ਦੀ ਬਾਣੀ ਦਾ ਕੀਰਤਨ ਹੋ ਰਿਹਾ ਹੋਵੇ, ਤਾਂ ਅਸੀਂ ਉਸ ਨੂੰ ਗੁਰਬਾਣੀ ਦਾ ਕੀਰਤਨ

ਹੀ ਕਹਿੰਦੇ ਹਾਂ। ਜੇ ਉਨ੍ਹਾਂ ਦੀ ਬਾਣੀ ਦਾ ਵਾਕ ਸਵੇਰੇ ਹਰਮੰਦਰ ਸਾਹਿਬ ਜਾਂ ਕਿਸੇ ਹੋਰ ਗੁਰਦੁਆਰੇ ਵਿਚ ਨਿਕਲੇ, ਤਾਂ ਅਸੀਂ ਉਸ ਨੂੰ ਅੱਜ ਦਾ ਗੁਰਵਾਕ' ਹੀ ਕਹਿੰਦੇ ਹਾਂ ਤੇ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਝੁਕਾਉਂਦੇ ਹਾਂ, ਤਾਂ ਉੱਥੇ ਗੁਰੂ ਸਾਹਿਬਾਨ ਦੇ ਨਾਲ ਬੈਠੇ, ਉਨ੍ਹਾਂ ਭਗਤਾਂ ਨੂੰ ਵੀ ਗੁਰੂਆਂ ਵਾਂਗ ਹੀ ਮੱਥਾ ਟੇਕਦੇ ਹਾਂ ।" ਮੇਰੀ ਇਹ ਗਲ ਸੁਣ ਕੇ ਉਹ ਬਹੁਤ ਪ੍ਰਸੰਨ ਹੋਏ। ਬਾਅਦ ਵਿਚ ਮੈਂ ਇਹ ਪੁਸਤਕ ਉਨ੍ਹਾਂ ਨੂੰ ਭੇਟ ਕੀਤੀ।

ਜਦੋਂ ਅਸੀਂ ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਬੈਂਕਾਕ ਵਿਚ ਕਰਨੀ ਚਾਹੁੰਦੇ ਸਾਂ ਤਾਂ ਮੈਂ ਹੰਸਪਾਲ ਜੀ ਅੱਗੇ ਇਹ ਪ੍ਰਸਤਾਵ ਰੱਖਿਆ, ਜਿਨ੍ਹਾਂ ਨੇ ਅੱਗੋਂ ਇਸ ਨੂੰ ਸਤਿਗੁਰੂ ਸਾਹਮਣੇ ਪੇਸ਼ ਕੀਤਾ ਤੇ ਨਾਲ ਇਹ ਵੀ ਦੱਸਿਆ ਕਿ ਰਤਨ ਜੀ ਇਸ ਕਾਨਸ ਦੇ ਸਰਗਰਮ ਰੋਕਣ ਤੇ ਜ਼ਿੰਮੇਵਾਰ ਅਧਿਕਾਰੀ ਹਨ ਤੇ ਇਹ ਤਜਵੀਜ਼ ਉਨ੍ਹਾਂ ਦੀ ਹੈ।" ਸਤਿਗੁਰੂ ਜੀ ਨੇ ਖਿੜੇ ਮੱਥੇ ਪ੍ਰਵਾਨਗੀ ਦਿੱਤੀ। ਜਿਨ੍ਹਾਂ ਨੇ ਇਹ ਕਾਨਸ ਵੇਖੀ ਹੈ, ਉਹ ਜਾਣਦੇ ਹਨ, ਕਿ ਐਸੀ ਸਾਨ੍ਹੋ ਸ਼ੌਕਤ ਵਾਲੀ ਕਾਨਸ ਅੱਜ ਤਕ ਨਹੀਂ ਹੋਈ। ਦਿੱਲੀ ਵਿਖੇ ਹੋਈ ਚੌਥੀ ਵਿਸ਼ਵ ਕਾਨਸ ਦੇ ਸੰਬੰਧ ਵਿਚ ਵੀ ਮੈਂ ਤੇ ਡਾਕਟਰ ਮਹੀਪ ਸਿੰਘ ਜੀ ਉਨ੍ਹਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਪੂਰੀ ਮਦਦ ਦਾ ਯਕੀਨ ਦਿਵਾਇਆ ਤੇ ਉਨ੍ਹਾਂ ਦੀ ਸਹਾਇਤਾ ਨਾਲ ਕਾਨਸ ਸਫਲ ਹੋਈ।

1992 ਵਿਚ ਜਦੋਂ ਹੰਸਪਾਲ ਜੀ ਨੇ, ਮੈਨੂੰ ਕਾਰ ਭੇਟ ਕਰਨ ਦੀ ਯੋਜਨਾ ਬਣਾਈ ਤਾਂ ਉਸ ਵੇਲੇ ਵੀ ਸਤਿਗੁਰੂ ਜੀ ਨੇ ਬੜੀ ਪ੍ਰਸੰਨਤਾ ਪ੍ਰਗਟ ਕੀਤੀ ਤੇ ਹੰਸਪਾਲ ਜੀ ਨੂੰ ਇਹ ਕਾਰਜ ਵਧ ਚੜ੍ਹ ਕੇ ਹਿੰਮਤ ਕਰਕੇ ਸੰਪੂਰਨ ਕਰਨ ਲਈ ਕਿਹਾ ਅਤੇ ਨਾਮਧਾਰੀ ਦਰਬਾਰ ਵਲ ਪੂਰੀ ਸਹਾਇਤਾ ਦਾ ਯਕੀਨ ਦਿਵਾਇਆ। ਕਾਰ ਭੇਟ ਕਰਨ ਦੇ ਸਮਾਰੋਹ ਪਿੱਛੋਂ ਉਨ੍ਹਾਂ ਨੇ ਕਾਰ ਵਿਚ ਚਰਨ ਪਾਕੇ, ਆਪ ਮੈਨੂੰ ਕਾਰ ਵਿਚ ਬਿਠਾਇਆ ਤੇ ਆਸ਼ੀਰਬਾਦ ਦਿੱਤੀ। ਜਦੋਂ ਮੈਂ ਉਨ੍ਹਾਂ ਦਾ ਇਸ ਗਲ ਲਈ ਧੰਨਵਾਦ ਕੀਤਾ ਕਿ ਉਨ੍ਹਾਂ ਦੀ ਆਗਿਆ ਨਾਲ ਹੰਸਪਾਲ ਜੀ ਨੇ ਇਹ ਸਾਰਾ ਪ੍ਰੋਗਰਾਮ ਬੜੀ ਸ਼ਾਨ ਨਾਲ ਨਿਭਾਇਆ ਹੈ, ਤਾਂ ਉਹ ਬੋਲੇ, "ਧੰਨਵਾਦੀ ਤਾਂ ਅਸੀਂ ਤੁਹਾਡੇ ਹਾਂ ਕਿ ਤੁਸਾਂ ਹੰਸਪਾਲ ਜੀ ਰਾਹੀਂ ਸਾਡੀ ਇਹ ਸੇਵਾ ਸਵੀਕਾਰ ਕੀਤੀ ਹੈ।" ਉਨ੍ਹਾਂ ਦੀ ਇਹ ਗਲ ਸੁਣ ਕੇ, ਮੈਂ ਉਨ੍ਹਾਂ ਦੀ ਨਿਮਰਤਾ ਵੇਖ ਕੇ ਹੈਰਾਨ ਰਹਿ ਗਿਆ, ਕਿ ਨਿਮਰਤਾ ਵਿਚ ਕਿਸ ਤਰ੍ਹਾਂ ਉਨ੍ਹਾਂ ਨੇ, ਗੁਰੂ ਘਰ ਦੀ ਪਰੰਪਰਾ ਬਰਕਰਾਰ ਰੱਖੀ ਹੈ। ਮੈਂ ਉਨ੍ਹਾਂ ਦੀ ਵਡਿਆਈ ਦਾ ਅੱਗੇ ਨਾਲੋਂ ਵੀ ਵਧ ਕਾਇਲ ਹੋ ਗਿਆ।

ਉਨ੍ਹਾਂ ਮੈਨੂੰ ਇਹ ਗਲ ਵੀ ਯਾਦ ਕਰਾਈ ਕਿ "ਤੁਸਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ, ਤੁਹਾਡੇ ਪਿਤਾ ਜੀ ਨੂੰ ਭੇਜੀ ਗਊ ਦਾ ਦੁੱਧ ਪੀਤਾ, ਇਸ ਲਈ ਤੁਸੀਂ ਚੰਗੇ ਕਵੀ ਹੋ, ਚੰਗੇ ਗਾਇਕ ਹੋ, ਚੰਗੀ ਆਵਾਜ਼ ਦੇ ਮਾਲਕ ਹੈ, ਤੇ ਨਾਮਧਾਰੀਆਂ ਨਾਲ ਵੀ ਪਿਆਰ ਰੱਖਦੇ ਹੋ।

ਹੰਸਪਾਲ ਜੀ ਦੇ ਪਿਤਾ ਜੀ ਦੇ ਅੰਤਿਮ ਭੋਗ ਤੇ ਅਰਦਾਸ ਸਮੇਂ ਜਦੋਂ ਮੈਂ ਮੱਥਾ ਟੇਕਿਆ ਤਾਂ ਹੱਸ ਕੇ ਕਹਿਣ ਲੱਗੇ 'ਰਤਨ ਜੀ ਖ਼ਿਆਲ ਰੱਖਣਾ, ਕਈ ਕੌਡੀਆਂ ਵੀ ਰਤਨ ਦੀ ਰੀਸ ਕਰਨ ਲਗ ਪਈਆਂ ਹਨ" ਮੈਂ ਕਿਹਾ "ਕੋਈ ਗਲ ਨਹੀਂ ਤੁਹਾਡੀ ਕ੍ਰਿਪਾ ਦ੍ਰਿਸ਼ਟੀ ਰਹਿਣੀ ਚਾਹੀਦੀ ਹੈ।" ਹੱਸ ਕੇ ਕਹਿਣ ਲੱਗੇ-

"ਰਤਨ ਲੁਕਾਇਆ ਲੁਕੇ ਨਾਹੀਂ, ਜੋ ਕੋ ਰਖੇ ਲੁਕਾਈ"

ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ, ਦੋ ਵਾਰੀ ਡੇਢ ਡੇਢ ਦੋ ਦੋ ਮਹੀਨੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਉਨ੍ਹਾਂ ਦੇ ਨਿੱਜੀ ਜੀਵਨ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਸਦਾ ਖਿੜੇ ਮੱਥੇ ਰਹਿਣਾ, ਹਰ ਵੇਲੇ ਹਸੂੰ ਹਸੂੰ ਕਰਦਾ ਮੁਸਕਰਾਉਂਦਾ ਚਿਹਰਾ, ਦੇਸ ਪ੍ਰਦੇਸ਼ ਜਿੱਥੇ ਵੀ ਹੋਵਣਾ ਦੋ ਵਕਤ ਦਾ ਧਾਰਮਿਕ ਦੀਵਾਨ, ਨਿੱਤਨੇਮ ਅਤੇ ਸਿਮਰਨ। ਪੱਕੇ ਰਾਗਾਂ ਦੀ ਉਨ੍ਹਾਂ ਨੇ ਉੱਚ ਉਸਤਾਦਾਂ ਤੋਂ ਸਿੱਖਿਆ ਲਈ ਹੈ ਤੇ ਆਪ ਵੀ ਸ਼ਾਸਤਰੀ ਸੰਗੀਤ ਦੇ ਮਾਹਿਰ ਹਨ। ਰਾਗ ਦੀ ਬੰਦਸ਼ ਅਤੇ ਤਬਲੇ ਦੀ ਲੈਅਕਾਰੀ ਤੋਂ ਭਲੀ ਪ੍ਰਕਾਰ ਵਾਕਫ਼ ਹਨ। ਇਕ ਦਿਨ ਮੇਰੇ ਉਨ੍ਹਾਂ ਪਾਸ ਬੈਠਿਆਂ, ਪ੍ਰਸਿੱਧ ਸਰੋਦ ਵਾਦਕ ਉਸਤਾਦ ਅਮਜਦ ਅਲੀਖ਼ਾਨ ਆਏ। ਉਨ੍ਹਾਂ ਨੇ ਆਪਣੇ ਗਲੇ ਨਾਲ ਕਈ ਰਾਗਾਂ ਦੀਆਂ ਬੰਦਸ਼ਾਂ ਸੁਣਾਈਆਂ ਜਿਨ੍ਹਾਂ ਨੂੰ ਸੁਣਕੇ ਸਤਿਗੁਰੂ ਜੀ ਨੇ ਵੀ ਕੁਝ ਬੰਦਸ਼ਾਂ ਉਨ੍ਹਾਂ ਨੂੰ ਸੁਣਾਈਆਂ। ਇਸ ਤਰ੍ਹਾਂ ਵੱਡੇ ਵੱਡੇ ਉਸਤਾਦ ਵੀ ਮਹਿਸੂਸ ਕਰਦੇ ਹਨ, ਕਿ ਉਨ੍ਹਾਂ ਨੂੰ ਸੁਣਨ ਵਾਲਾ ਆਪ ਭੀ ਇਸ ਕਲਾ ਦਾ ਵੱਡਾ ਗਿਆਨਵਾਨ ਹੈ। ਆਪ ਦਿਲਰੁਬਾ ਭੀ ਵਜਾਉਂਦੇ ਹਨ ਤੇ ਆਪ ਦੀ ਇਸ ਦਿਲਚਸਪੀ ਕਾਰਨ, ਨਾਮਧਾਰੀਆਂ ਵਿਚ ਚੰਗੇ ਗਾਇਕ, ਸੰਗੀਤਕਾਰ, ਸਰੋਦ, ਦਿਲਰੁਬਾ ਅਤੇ ਤਬਲਾ ਵਾਦਕ ਪੈਦਾ ਹੋ ਗਏ ਹਨ। ਖੇਡਾਂ ਵਿਚ ਆਪ ਨੂੰ ਪੂਰੀ ਦਿਲਚਸਪੀ ਹੈ। ਨਾਮਧਾਰੀ ਹਾਕੀ ਟੀਮ, ਇਕ ਚਮਤਕਾਰ ਤੋਂ ਘਟ ਨਹੀਂ। ਵਿੱਦਿਆ ਦੇ ਵਾਧੇ ਲਈ ਆਪ ਹਰ ਵੇਲੇ ਯਤਨਸ਼ੀਲ ਹਨ। ਸਾਹਿਤਕਾਰਾਂ ਤੇ ਕਵੀਆਂ ਦੇ ਕਦਰਦਾਨ ਹਨ ਤੇ ਹਮੇਸ਼ਾ

ਸਨਮਾਨ ਕਰਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸਿੱਖਾਂ ਵਿਚ ਜ਼ਬਤ (ਡਿਸਿਪਲਿਨ) ਰੱਖਣ ਦੀ ਵੀ ਕੋਸ਼ਿਸ਼ ਕਰਦੇ ਹਨ। ਮਠੱਡਾ ਕਲਾਂ ਦੇ ਮੇਲੇ ਤੇ ਹੋਰ ਫ਼ੋਟੋਗਰਾਫ਼ਰਾਂ ਵਿਚ ਇਕ ਸਿੱਖ ਫ਼ੋਟੋਗਰਾਫ਼ਰ ਐਸਾ ਵੀ ਸੀ, ਜਿਸ ਨੇ ਦਹਾੜੀ ਕੱਟੀ ਹੋਈ ਸੀ। ਸਤਿਗੁਰੂ ਜੀ ਨੇ ਉਸ ਨੂੰ ਫ਼ੋਟੋ ਲੈਣ ਤੋਂ ਮਨ੍ਹਾ ਕਰ ਦਿੱਤਾ। ਆਖ਼ਰ ਜਦੋਂ ਉਸੇ ਇਹ ਵਾਅਦਾ ਕੀਤਾ, ਕਿ ਉਹ ਅੱਗੋਂ ਦਹਾੜੀ ਨਹੀਂ ਕੱਟੇਗਾ, ਤਾਂ ਹੀ ਉਸ ਨੂੰ ਤਸਵੀਰਾਂ ਲੈਣ ਦੀ ਆਗਿਆ ਦਿੱਤੀ ਗਈ ? ਬੈਂਕਾਕ ਵਿਚ ਇਕ ਨਾਮਧਾਰੀ ਬੁਰੀ ਤਰ੍ਹਾਂ ਦਹਾੜੀ ਕੱਟਦਾ ਸੀ। ਸਤਿਗੁਰਾਂ ਨੇ ਉਸ ਨੂੰ ਦੀਵਾਨ ਵਿਚ ਖੜ੍ਹਾ ਕਰਕੇ, ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ, ਜੋ ਉਸ ਨੇ ਅਦਾ ਕੀਤਾ।

ਪਹਾੜ ਗੰਜ ਦੀ ਨਾਮਧਾਰੀ ਧਰਮਸ਼ਾਲਾ ਦੇ ਪ੍ਰਬੰਧਕ ਸ੍ਰ. ਕਰਤਾਰ ਸਿੰਘ ਨੇ ਆਪਣੇ ਲੜਕੇ ਦੀ ਸ਼ਾਦੀ ਵੇਲੇ ਬਰਾਤ ਅਤੇ ਦੇਣ ਲੈਣ ਦੀਆਂ ਰਸਮਾਂ ਕੀਤੀਆਂ, ਉਸ ਨੂੰ ਭਰੇ ਦੀਵਾਨ ਵਿਚ ਤਾੜਨਾ ਕਰਕੇ ਦਸ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ, ਜੋ ਉਸ ਨੇ ਅਦਾ ਕੀਤਾ।

ਸੇਠ ਤ੍ਰਿਲੋਕ ਸਿੰਘ ਜੀ ਦੇ ਵੱਡੇ ਲੜਕੇ ਦੀ ਮੰਗਣੀ, ਇਕ ਗੈਰ ਨਾਮਧਾਰੀ ਸਿੱਖ ਪਰਵਾਰ ਵਿਚ ਹੋਈ ਤੇ ਸਤਿਗੁਰੂ ਨੂੰ ਕੁਝ ਲੈਣ ਦੇਣ ਬਾਰੇ ਪਤਾ ਲਗਾ। ਉਨ੍ਹਾਂ ਭਰੇ ਦੀਵਾਨ ਵਿਚ ਜੋ ਸੇਠ ਤ੍ਰਿਲੋਕ ਸਿੰਘ ਜੀ ਦੀ ਪੂਸਾ ਰੋਡ ਵਾਲੀ ਪਹਿਲੀ ਕੋਠੀ ਵਿਚ ਹੀ ਹੋ ਰਿਹਾ ਸੀ ਅਤੇ ਸਤਿਗੁਰੂ ਜੀ ਉੱਥੇ ਹੀ ਠਹਿਰਦੇ ਸਨ, ਸੇਠ ਜੀ ਤੇ ਉਨ੍ਹਾਂ ਦੀ ਪਤਨੀ ਨੂੰ ਝਾੜ ਪਾਈ। ਦੋਹਾਂ ਨੇ ਸੰਗਤ ਦੇ ਜੋੜਿਆਂ ਵਿਚ ਖੜੋ ਕੇ ਮਾਫ਼ੀ ਮੰਗੀ, ਪਰ ਸਤਿਗੁਰੂ ਜੀ ਨੇ ਕਿਹਾ, ਕਿ ਇਹ ਰਿਸ਼ਤਾ ਤੋੜ ਦਿੱਤਾ ਜਾਵੇ, ਇਹ ਕਹਿਕੇ ਆਪ ਉੱਥੋਂ ਚਲੇ ਗਏ, ਤੇ ਕਿਹਾ ਕਿ ਉਹ ਅੱਗੋਂ ਉੱਥੇ ਨਹੀਂ ਠਹਿਰਨਗੇ। ਇਸ ਗੱਲ ਨੇ ਸੇਠ ਤ੍ਰਿਲੋਕ ਸਿੰਘ ਜੀ ਲਈ ਇਕ ਵੱਡਾ ਸੰਕਟ ਪੈਦਾ ਕਰ ਦਿੱਤਾ। ਇਕ ਤਾਂ ਲੜਕਾ ਲੜਕੀ ਦੋਵੇਂ ਇਕ ਦੂਜੇ ਨੂੰ ਚਾਹੁੰਦੇ ਸਨ, ਦੂਸਰਾ ਲੜਕੀ ਦਾ ਖ਼ਾਨਦਾਨ ਵੀ ਇੱਜ਼ਤ ਵਾਲਾਂ ਸੀ ਤੇ ਮੰਗਣੀ ਟੁੱਟਣਾ, ਉਨ੍ਹਾਂ ਲਈ ਨਮੋਸ਼ੀ ਵਾਲੀ ਗਲ ਸੀ, ਤੀਜਾ ਮੰਗਣੀ ਟੁੱਟ ਜਾਣ ਨਾਲ ਲੜਕੀ ਦੀ ਬਦਨਾਮੀ ਹੋ ਕੇ ਅੱਗੇ ਹੋਰ ਰਿਸ਼ਤਾ ਮਿਲਣ ਵਿਚ ਰੁਕਾਵਟ ਪੈਂਦੀ ਸੀ। ਸੋ ਦਿੱਲੀ ਦੀਆਂ ਸੰਗਤਾਂ ਨੇ ਫ਼ੈਸਲਾ ਕੀਤਾ, ਕਿ ਵਿਸਾਖੀ ਦੇ ਮੇਲੇ ਤੇ, ਜੋ ਤਲਵੰਡੀ ਸਾਬੋ ਵਿਖੇ ਹੋਣਾ ਸੀ। ਦਿੱਲੀ ਦੀਆਂ ਸੰਗਤਾਂ ਦਾ ਇਕ ਡੈਪੂਟੇਸ਼ਨ ਉੱਥੇ ਪਹੁੰਚ ਕੇ, ਸਤਿਗੁਰੂ ਜੀ ਨੂੰ ਬੇਨਤੀ ਕਰੇ, ਕਿ ਉਹ ਰਿਸ਼ਤਾ ਕਾਇਮ ਰੱਖਣ ਦੀ ਆਗਿਆ ਦੇਣ। ਪਿਛਲੀ ਭੁੱਲ ਨੂੰ ਮਾਫ਼ ਕਰ ਦੇਣ, ਤੇ ਅਨੰਦ ਕਾਰਜ ਉਨ੍ਹਾਂ ਦੀ ਹਾਜ਼ਰੀ ਵਿਚ, ਬਿਨਾ ਕਿਸੇ ਲੈਣ ਦੇਣ ਦੇ ਹੋਵੇਗਾ।

ਦਿੱਲੀ ਦੀ ਸੰਗਤ ਇੱਕ ਸਪੈਸ਼ਲ ਬਸ ਲੈ ਕੇ ਤਲਵੰਡੀ ਸਾਬੋ ਪੁੱਜੀ। ਮੈਂ ਉਸ ਦਿਨ ਸਵੇਰੇ ਦੇ ਦੀਵਾਨ ਵਿਚ ਮੌਜੂਦ ਸਾਂ। ਕੀਰਤਨ ਦੀ ਸਮਾਪਤੀ ਤੇ ਸਾਰੇ ਦਿੱਲੀ ਵਾਲੇ ਸਜਣ ਜਿਨ੍ਹਾਂ ਦੀ ਅਗਵਾਈ ਸ਼ਾਇਦ ਸੇਵਾ ਸਿੰਘ ਜੀ ਤੰਬੂਆਂ ਵਾਲੇ ਕਰ ਰਹੇ ਸਨ, ਹੱਥ ਜੋੜ ਕੇ ਖੜੇ ਹੋ ਗਏ। ਸੇਠ ਤ੍ਰਿਲੋਕ ਸਿੰਘ ਤੇ ਉਨ੍ਹਾਂ ਦੀ ਪਤਨੀ ਤੇ ਲੜਕਾ ਵੀ ਸ਼ਾਮਲ ਸਨ। ਉਨ੍ਹਾਂ ਬੇਨਤੀ ਕੀਤੀ ਕਿ ਸ੍ਰ. ਤ੍ਰਿਲੋਕ ਸਿੰਘ ਜੀ ਦੀ ਭੁੱਲ ਮਾਫ਼ ਕਰ ਦਿੱਤੀ ਜਾਵੇ ਤੇ ਰਿਸ਼ਤੇ ਦੀ ਪ੍ਰਵਾਨਗੀ ਦਿੱਤੀ ਜਾਵੇ। ਅਨੰਦ ਕਾਰਜ ਉਨ੍ਹਾਂ ਦੀ ਆਗਿਆ ਤੇ ਨਿਗਰਾਨੀ ਵਿਚ ਹੀ ਹੋਵੇਗਾ। ਉਨ੍ਹਾਂ ਲੜਕਾ ਤੇ ਲੜਕੀ ਦੋਹਾਂ ਵੱਲੋਂ ਵੀ ਸਹਿਮਤ ਬੇਨਤੀ ਕੀਤੀ।

ਸਤਿਗੁਰ ਤਾਂ ਸਦਾ ਬਖ਼ਸ਼ਿੰਦ ਹੁੰਦਾ ਹੀ ਹੈ। ਸੋ ਮਾਫ਼ੀ ਦੇ ਦਿੱਤੀ ਗਈ। ਅਨੰਦ ਕਾਰਜ ਦਿੱਲੀ ਰਾਜਿੰਦਰ ਨਗਰ ਸ਼ੰਕਰ ਰੋਡ ਦੇ ਇਕ ਵੱਡੇ ਹਾਲ ਵਿਚ ਹੋਇਆ। ਸਤਿਗੁਰੂ ਜੀ ਤੋਂ ਇਲਾਵਾ, ਉਸ ਵੇਲੇ ਦੇ ਉਪ ਰਾਸ਼ਟਰਪਤੀ ਵੀ ਮੌਜੂਦ ਸਨ। ਮੈਂ ਸੇਠ ਤ੍ਰਿਲੋਕ ਸਿੰਘ ਜੀ ਦੀ ਇੱਛਾ ਅਨੁਸਾਰ, ਲੜਕੇ ਦਾ ਸਿਹਰਾ ਪੜ੍ਹਿਆ, ਜਿਸ ਦਾ ਨਾਮ ਸਿਹਰਾ ਨਹੀਂ 'ਮਾਲਾ' ਸੀ, ਅਤੇ ਇਸ ਦੀ ਪ੍ਰਵਾਨਗੀ ਵੀ ਮੈਨੂੰ ਸਤਿਗੁਰੂ ਨੇ ਪਹਿਲਾਂ ਦੇ ਦਿੱਤੀ ਸੀ।

ਏਨੀ ਬਹੁਪੱਖੀ ਸ਼ਖ਼ਸੀਅਤ, ਚਾਨਣ ਦਾ ਸੋਮਾ, ਅੰਧਕਾਰ ਵਿਚ ਰੌਸ਼ਨੀ ਫੈਲਾਉਣ ਵਾਲੀ ਜੋਤ, ਲੇਖਕਾਂ, ਕਵੀਆਂ ਤੇ ਕਲਾਕਾਰਾਂ ਦੇ ਸਿਰ ਆਪਣੀ ਸਰਪ੍ਰਸਤੀ ਦਾ ਹੱਥ ਰੱਖਣ ਵਾਲੀ, ਮਹਾਨ ਰਿਸ਼ਮ ਸਾਨੂੰ ਸਦੀਵੀ ਚਾਨਣ ਦਿੰਦੀ ਰਹੇ, ਇਹੀ ਮੇਰੀ ਦਿਲੀ ਕਾਮਨਾ ਹੈ।

**(ਪੁਸਤਕ-ਨੇੜਿਓਂ ਤੱਕੀਆਂ ਚਾਨਣ ਰਿਸ਼ਮਾਂ- ਵਿੱਚੋਂ ਧੰਨਵਾਦ ਸਹਿਤ)**

# ‘ਅੰਮ੍ਰਿਤ ਕੀਰਤਨ’ ਦਾ ਪ੍ਰਕਾਸ਼ ਮਾਣਦਿਆਂ

**ਮਨਮੋਹਨ ਸਿੰਘ ਦਾਊਂ**

ਉੱਘੇ ਲਾਸਾਨੀ ਲੇਖਕ ਹੈਕਟਰ ਗਰਸੀਆ ਅਤੇ ਫ੍ਰਾਂਸੇਕ ਮਿਗਲੇਸ ਦੀ ਮਸ਼ਹੂਰ ਪੁਸਤਕ ‘ਇਕੀਗਾਈ’ ਦਾ ਪੰਜਾਬੀ ਅਨੁਵਾਦ ਜਗਵਿੰਦਰ ਸੋਧਾ ਨੇ ਮਿਹਨਤ ਕਰਕੇ ਕੀਤਾ। ਇਸ ਪੁਸਤਕ ਨੂੰ ਪੜਨ ਅਤੇ ਅਜੀਤ ਅਖ਼ਬਾਰ ਵੱਲੋਂ ਰੀਵਿਊ ਕਰਨ ਦਾ ਸੁਭਾਗ ਮੈਨੂੰ ਹਾਸਲ ਹੋਇਆ, ਜਾਪਾਨੀ ਲੇਖਕ ਇਸ ਪੁਸਤਕ ਨੂੰ ਲਿਖਣ ਲਈ ਪ੍ਰੇਰੇ ਜਾਂਦੇ ਹਨ ਜਦੋਂ ਉਨ੍ਹਾਂ ਨੂੰ ਜਾਪਾਨ ਦੇ ਇੱਕ ਛੋਟੇ ਜਿਹੇ ਪਿੰਡ ਓਗਿਮੀ ’ਚ ਵਸਦੇ ਲੋਕਾਂ ਦੀ ਉਮਰ ਸੌ ਸਾਲ ਤੋਂ ਵੱਧ ਕਿਉਂ ਹੈ ਤੇ ਉਹ ਖੁਸ਼-ਤੰਦਰੁਸਤ ਕਿਉਂ ਰਹਿੰਦੇ ਹਨ। ਜਾਪਾਨੀ ਕਹਾਵਤ ਬਣ ਗਈ : ਤੁਹਾਡੇ ਵਿਚ ਸੌ ਸਾਲ ਜੀਣ ਦੀ ਇੱਛਾ ਤਾਂ ਹੀ ਹੋਵੇਗੀ ਜੇਕਰ ਤੁਹਾਡਾ ਹਰ ਪਲ ਰੁੱਝਿਆ ਹੋਵੇ। ਪੁਸਤਕ ‘ਚ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਹਵਾਲੇ ਵੀ ਦਿੱਤੇ ਹਨ ਕਿ ਉਹ ਆਪਣੇ ਕੰਮ/ਖੋਜ/ ਸਿਰਜਣਾ ’ਚ ਅੰਤਲੇ ਸਵਾਸਾਂ ਤੱਕ ਰੁੱਝੇ ਰਹੇ। ਕੰਮ ਉਹ ਕਰੋ ਜਿਹੜਾ ਤੁਹਾਨੂੰ ਮਨ ਪਸੰਦ ਹੋਵੇ।

ਜਦੋਂ ਮੈਂ ‘ਇਕਗਾਈ’ ਦਾ ਅਧਿਐਨ ਕਰਕੇ ਰੀਵਿਊ ਕੀਤਾ ਤਾਂ ਮੇਰੇ ਮਨ ਮੰਦਰ ’ਚ ਡਾ. ਜਾਗੀਰ ਸਿੰਘ ਵੱਲੋਂ ਪ੍ਰਾਰੰਭ ਕੀਤੇ ਮਾਸਕ-ਪੱਤਰ ‘ਅੰਮ੍ਰਿਤ ਕੀਰਤਨ’ ਦਾ ਪ੍ਰਕਾਸ਼ ਉਦੈ ਹੋਇਆ। ਪਿਆਰੇ ਮਿੱਤਰ ਵੱਲੋਂ ਨਿਜੀ ਤੌਰ ’ਤੇ ਆਪਣੀ ਮਨ ਭਾਉਂਦੀ ਕਾਰਜ-ਸ਼ੈਲੀ ਰਾਹੀਂ ਇੱਕ ਸੁੰਨੇ ਖੇਤਰ ’ਚ ਸ਼ਬਦ-ਰਾਗ-ਸਾਜ਼-ਸਾਹਿਤ-ਚਾਨਣ ਦੇ ਬੀਜ ਬੀਜਣ ਦੀ ਪਹਿਲ ਕਦਮੀ ਅਲੌਕਿਕ ਸੀ। ਪ੍ਰਾਰੰਭਤਾ ਨੂੰ ਨਿਰੰਤਰਤਾ ਦਾ ਰੂਪ ਦੇਣਾ ਚਿਣੌਤੀਆਂ ਵਾਲਾ ਸੀ। ਪ੍ਰਤੀਬੱਧਤਾ ਦਾ ਪੱਲੂ ਫੜੀ ਰੱਖਿਆ। ਅਡੋਲਤਾ ਤੇ ਦ੍ਰਿੜਤਾ ਕਾਇਮ ਰਹੀ। ਮੈਂ ਇਸ ਮਨੋਹਰ ਪਤ੍ਰਿਕਾ ਨਾਲ ਮੁੱਢੋਂ ਹੀ ਜੁੜਿਆ ਹੋਇਆ ਹਾਂ। ਇਸ ਦੀ ਸਮੱਗਰੀ ਵਡਮੁੱਲੀ ਤੇ ਨਿਆਰੀ ਹੋਣ ਕਾਰਨ, ਚੜ੍ਹਦੇ ਮਹੀਨੇ ਉਡੀਕ ਲੱਗੀ ਰਹਿੰਦੀ ਹੈ। ਜਿਸ ਯੋਜਨਾ-ਬੱਧ ਇਕਰਾਰ ਨਿਭਾਇਆ ਜਾਂਦਾ ਹੈ, ਉਹ ਤੁਰਨ ਵਾਲਾ ਹੀ ਜਾਣਦਾ। ਪੰਜਾਬੀ ’ਚ ਮਾਸਿਕ ਪਤ੍ਰਿਕਾ ਕੱਢਣੀ ਹਾਰੀ-ਸਾਰੀ ਦਾ ਕੰਮ ਨਹੀਂ। ਕਠਨ ਪ੍ਰੀਖਿਆ ’ਚੋਂ ਲੰਘਣ ਵਾਲਾ ਸਿਰੜ ਤੇ ਸਾਹਸ ਰੱਖਣਾ ਤੁਹਾਡੇ ਸ਼ੌਕ ’ਤੇ ਨਿਰਭਰ ਕਰਦਾ ।

ਅੰਮ੍ਰਿਤ ਸ਼ਬਦ ਦਾ ਸਿੱਖ ਧਰਮ ’ਚ ਡੂੰਘਾ ਬਿੰਬ ਤੇ ਚਿੰਤਨ ਹਨ। ਕੀਰਤਨ ਸ਼ਬਦ ਦਾ ਗੁਰਬਾਣੀ ਨਾਲ ਮੁੱਢਲਾ ਰਿਸ਼ਤਾ ਹੈ।ਕਮਾਲ ਤਾਂ ਇਹੋ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ’ਚ ਇਕੱਤੀ ਰਾਗਾਂ ਦੀ ਬ੍ਰਹਮੰਡੀ-ਧੁਨ ਨੂੰ ਮਾਣਿਆ ਜਾ ਸਕਦਾ ਹੈ। ਇਹ ਵਿਸਮਾਦੀ-ਵਿਰਾਸਤ ਆਦਿ ਸਚੁ ਜੁਗਾਦਿ ਸਚੁ ਦੀ ਉਜਵੱਲਤਾ ਦਾ ਨਿਰੰਕਾਰੀ ਸਰੂਪ ਹੈ। ਅਜਿਹੇ ਉੱਚ ਆਦਰਸ਼ਾਂ ਨੂੰ ਚਿਤਵਦਿਆਂ ਡਾ. ਜਾਗੀਰ ਸਿੰਘ ਇੱਕ ਪੁਰਖ ਰੂਪੀ ਸੰਪਾਦਕ ਬਣ ਗਏ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਕਾਦਮਿਕ ਪੰਜਾਬੀ ਵਿਸ਼ਾ ਵਿਭਾਗ ’ਚੋਂ ਸੇਵਾ ਨਵਿਰਤੀ ਬਾਅਦ, ਕੋਈ ਹੋਰ ਕਾਰਜ ਕਰਨਾ ਪਸੰਦ ਹੀ ਨਹੀਂ ਕੀਤਾ। ਕੀਰਤਨ ਦੀਆਂ ਕੈਸਟਾਂ

ਰਾਹੀਂ ਗੁਰਬਾਣੀ ਗਾਇਨ ਕਰਕੇ ਸਰੋਤਿਆਂ ਦਾ ਦਿਲ ਜਿੱਤਿਆ। ਸੱਜਣ ਪਿਆਰਿਆਂ ਵੱਲੋਂ ਮੰਗ ਅਨੁਸਾਰ ਕੀਰਤਨ ਦੀ ਸੇਵਾ ਨਿਭਾਅ ਕੇ ਜਸ ਖੱਟਿਆ। ਆਪਣੇ ਸ਼ਗਿਰਦਾਂ ਨੂੰ ਅੱਗੇ ਤੋਰਿਆ। ਸਿਹਤ ਨਾ-ਸਾਜ਼ ਹੁੰਦਿਆਂ ਵੀ ਆਪਣੇ ਕਾਰਜ 'ਚ ਮਗਨਤਾ ਰੱਖੀ। ਅਕਾਲ-ਪੁਰਖ 'ਤੇ ਟੇਕ ਬਣਾਈ ਰੱਖੀ। ਵਡਮੁੱਲੀਆਂ ਪੁਸਤਕਾਂ ਦਾ ਪਾਠਨ ਕੀਤਾ। ਮਿੱਤਰ-ਪਿਆਰਿਆਂ ਤੇ ਵਿਦਵਾਨ-ਸਾਹਿਤਕਾਰਾਂ ਨੂੰ ਮਾਣ ਦੇ ਕੇ 'ਅੰਮ੍ਰਿਤ ਕੀਰਤਨ' ਦਾ ਮਿਆਰ ਸਥਾਪਤ ਕੀਤਾ। ਮੈਨੂੰ ਇਹ ਦੱਸਦਿਆਂ ਮਾਣ ਹੋ ਰਿਹਾ ਕਿ ਮੇਰੀਆਂ ਕਾਵਿ-ਰਚਨਾਵਾਂ ਨੂੰ ਸਮੇਂ-ਸਮੇਂ ਢੁਕਵੀਂ ਥਾਂ ਦੇ ਕੇ ਅੰਮ੍ਰਿਤ ਕੀਰਤਨ ਮੇਰੀ ਰੂਹ 'ਚ ਵਸ ਗਿਆ। ਇਹ ਕਿਵੇਂ ਹੋ ਰਿਹਾ, ਇਸ ਵਿਚ ਕੋਈ ਰਹੱਸ ਹੀ ਹੈ।

ਮੈਂ ਕੋਈ ਸੁਝਾਅ ਦੇਣ ਦੇ ਯੋਗ ਤਾਂ ਨਹੀਂ ਪਰੰਤੂ ਮਿੱਤਰੀ ਗੱਲ ਤਾਂ ਕਹੀ ਹੀ ਜਾ ਸਕਦੀ ਹੈ। ਅੰਮ੍ਰਿਤ ਕੀਰਤਨ ਦੇ ਛਪੇ ਅੰਕਾਂ 'ਚੋਂ ਚੋਣਵੀ-ਸਮੱਗਰੀ ਸੰਗ੍ਰਹਿ ਕਰ ਕੇ ਇੱਕ ਸੰਕਲਨ ਤਿਆਰ ਕੀਤਾ ਜਾਵੇ ਤਾਂ ਜੋ ਏਨੇ ਵਰ੍ਹਿਆਂ ਦੀ ਕਮਾਈ ਆਉਣ ਵਾਲਿਆਂ ਲਈ ਉਪਯੋਗੀ ਹੋ ਸਕੇ : **'ਅਨਮੋਲ ਅੰਮ੍ਰਿਤ ਕੀਰਤਨ ਮਹਿਮਾਂ'** ਨਾਂ ਰੱਖਿਆ ਜਾ ਸਕਦਾ, ਕੋਈ ਹੋਰ ਨਾਂ ਵੀ ਹੋ ਸਕਦਾ।

ਸ਼ਾਲਾ ! ਅੰਮ੍ਰਿਤ ਕੀਰਤਨ ਦਾ ਪ੍ਰਕਾਸ਼ ਰੱਬੀ ਰੂਹਾਂ 'ਚ ਵਸਦਾ ਰਹੇ।ਬਹੁਤ ਸਾਰੀਆਂ ਸ਼ੁਭ-ਕਾਮਨਾਵਾਂ !

**ਮੋ: 9815123990**

**ਜ਼ਰੂਰੀ ਬੇਨਤੀ**

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।

ਸੰਪਾਦਕ ਮੋਬਾਇਲ 98556-40630

**ਜ਼ਰੂਰੀ ਬੇਨਤੀ**

ਜੇ ਤੁਹਾਨੂੰ 'ਅਮ੍ਰਿਤ ਕੀਰਤਨ' ਮੈਗਜ਼ੀਨ ਨਹੀਂ ਚਾਹੀਦਾ ਤਾਂ ਸਾਨੂੰ ਮੋਬਾਇਲ ਨੰ: 9855640630 ਤੇ ਸੂਚਿਤ ਕਰੋ ਜੀ ।

# शुक्ल बिलावल

ਗੁਰਬਖ਼ਸ਼ ਸਿੰਘ

बिलावल थाट के इस अप्रचलित राग में सभी स्वर शुद्ध लगते हैं और दोनों निषाद का प्रयोग होता है। इस वक्र संपूर्ण राग में मध्यम स्वर वादी और षड़ज स्वर संवादी है। इसका गायन समय प्रभात है। इस राग में नट, केदार, मल्लार एवं कुछ कुछ खमाज राग की झलक भी पड़ती है। नि॒ ग ध म, सां म के स्वर समूह इस राग की पहचान हैं। इस राग में सा ग ग म (नट) प ध म (केदार) म रे रे प (मल्लार) इन रागों की झलक पड़ती है। आरोह में रिषभ अति अल्प है।

**आरोह :** सा, ग म, प ग म, प [नि]ध नि सां

**अवरोह :** सां नि॒ ध प म, ग रे सा

**मुख्य अंग :** सा, ग ग म, प ध ग म

**चलन :** सा [सा]ध़ नि़॒ प़, प़ [नि]ध़ नि़ सा, सा ग ग म, प म ग म, रे सा, सा नि़ ध़ नि़ सा ग म, प म ग म, रे रे प, प ध ग म, रे सा, सा ग म प ग म रे रे प, प ध नि॒ ग म, रे सा, सा ग म प ग म रे रे प, प ध नि॒ ग म, रे प ग म रे सा, सा ग म, प ध नि॒ ग म रे प, ध ग म, प ध नि सां, सां म, प ग म रे प नि ध नि सां, सां नि ध प ध नि सां, सां नि ध नि॒ ग म, रे प ग म रे सा, प ध नि सां, सां गं रें सां, सां गं मं गं रें सां, सां ध नि॒ प, रे रे प ग म रे सा।

## शुक्ल बिलावल (त्रिताल)

*मू लालन सिउ प्रीति बनी ॥ रहाउ॥*
*तोरी न तूटै छोरी न छूटै ऐसी माधो खिंच तनी ॥१॥*
*दिनसु रैनि मन माहि बसतु है तू करि किरपा प्रभ अपनी ॥२॥*
*बलि बलि जाउ सिआम सुंदर कउ अकथ कथा जा की बात सुनी ॥३॥*
*जन नानक दासनि दासु कहीअत है मोहि करहु कृपा ठाकुर अपुनी ॥४॥*
*( बिलावलु महला ५ ) अंग ८२७*

### स्थाई

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | सा | ग | ग | म | [म]रे | पप | - | प | प | ध |
| | | | | | | मू | ऽ | ला | ल | न | सिउ | ऽ | प्री | त | ब |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| नि | – | ग | प | म | – | ग | प | म | ग | रे | गग | सा | सा | ग | (रे)ग |
| नी | ऽ | ऽ | ऽ | ऽ | ऽ | मू | ऽ | ला | ल | न | सिउ | ऽ | प्री | त | ब |
| म | – | – | – | – | –, | सा | ग | | | | | | | | |
| नी | ऽ | ऽ | ऽ | ऽ | ऽ, | मू | ऽ | | | | | | | | |
| x | | | | २ | | | | ० | | | | ३ | | | |

## अंतरा

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | प | – | निध | नि | सां | – | सां | – |
| | | | | | | | | तो | ऽ | रीऽ | न | तू | ऽ | टै | ऽ |
| सां | गं | गं | मं | (मं)रें | – | सां | – | प | – | सां | – | (सां)म | ग | प | म |
| छो | ऽ | री | न | छू | ऽ | टै | ऽ | ऐ | ऽ | सी | ऽ | मा | ऽ | धो | ऽ |
| रे | – | प | प | म | – | (म)रे | प | म | ग | रे | गग | सा | सा | ग | ग |
| खिं | ऽ | च | त | नी | ऽ | मू | ऽ | ला | ल | न | सिउ | ऽ | प्री | त | ब |
| म | – | – | – | – | –, | सा | ग | | | | | | | | |
| नी | ऽ | ऽ | ऽ | ऽ | ऽ, | मू | ऽ | | | | | | | | |
| x | | | | २ | | | | ० | | | | ३ | | | |

Donations to **AMRIT KIRTAN TRUST** (Unique Registration Number **AAATA1371JF19911**)
Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :
**AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

ਕਵਿਤਾ

# ਪੁਰਖਾ

**ਮਨਮੋਹਨ ਸਿੰਘ ਦਾਊਂ**

ਪੁਰਖਾ
ਜੀਵਨ ਦਾ ਇੱਕ ਛਿਨ ਵੀ
ਜੇ-ਸਾਕਾਰਥ ਕਰ ਸਕੇਂ
ਤਾਂ ਅਉਧ ਸਫ਼ਲ ਕਰ ਜਾਣੀ।


ਇਹ ਜੂਨੀ
ਜੂਨੀਆਂ ਤੋਂ ਵਡਮੁੱਲੀ
ਇਹ ਗੱਲ ਸੱਚ ਕਰ ਜਾਣੀ।

ਬਹੁਤ ਅੰਧਕਾਰ ਪਸਰਿਆ ਚੁਫੇਰੇ
ਤੇਰੀ ਪ੍ਰੀਖਿਆ ਲੈਂਦਾ,
ਪੁਰਖਾ
ਪੁਰਖ ਬਣਨ ਦੇ ਖਾਤਰ
ਸੱਚ ਦੀ ਸੰਥਿਆ
ਆਤਮਸਾਤ ਕਰੇਂ ਤੂੰ
ਤਦ ਚਲਣ ਦੀ ਪਗਡੰਡੀ 'ਤੇ ਤੁਰਨਾ
ਸਿੱਖ ਲਵੇਂਗਾ,
ਚਾਨਣ ਵਿਚ ਗਿਆਨ ਤੇ ਸ਼ਕਤੀ
ਘੁਲੀ ਹੁੰਦੀ ਹੈ
ਕਿਤੇ ਡੀਕ ਲਾਉਂਣ ਤੋਂ
ਖੁੰਝ ਨਾ ਜਾਵੀਂ
ਛਿਨ ਹੀ ਜੀਵਨ ਕਾਇਆ ਬਦਲੇ
ਛਿਨ ਹੀ ਦੇਵੇ ਆਤਮ-ਸੰਤੁਸ਼ਟੀ
ਬਾਹਰ ਅਡੰਬਰ ਚੈਨ ਚੁਰਾਉਂਦਾ
ਸੱਚ ਤਾਂ ਸਹਿਜੇ ਹੌਲੀ ਬਦਲੇ
ਕੱਚ ਤੋਂ ਸੱਚ ਕਰ ਜਾਣੀ !!

**ਮੋ: 9815123900**

RNI Regd. No. 46788/89 ISSN 0972-2335

# ਡਾ. ਜਾਗੀਰ ਸਿੰਘ ਦੀ ਨਵੀਂ ਪੁਸਤਕ




ਕਿਤਾਬ ਨੂੰ ਮੰਗਵਾਉਣ ਲਈ ਹੇਠ ਦਿੱਤੇ ਗਏ ਪਤੇ **ਸਪਤਰਿਸ਼ੀ ਪਬਲੀਕੇਸ਼ਨਜ਼,** # 25/6, ਇੰਡਸਟ੍ਰੀਅਲ ਏਰੀਆ, ਫੇਸ-2, ਚੰਡੀਗੜ ਅਤੇ ਨੰ: ਤੇ ਸੰਪਰਕ **7717465715, 9463836591** ਕਰਕੇ ਕਿਤਾਬਾਂ ਨੂੰ ਮੰਗਵਾ ਸਕਦੇ ਹੋ।